Space for Available for Advertising

WWW.PREETNEWS.COM

WWW.PREETNAMA.COM

preetnamausa
@gmail.com

ਨਿਊਯਾਰਕ

# ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 312, 18 ਜੁਲਾਈ ਤੋਂ 24 ਜੁਲਾਈ, 2025 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਫੌਜਾ ਸਿੰਘ: 114 ਸਾਲ ਦੇ ਮੈਰਾਥਨ ਦੌੜਾਕ ਦੀ ਮੌਤ 'ਤੇ ਪ੍ਰਧਾਨ ਮੰਤਰੀ ਨੇ ਕੀਤਾ ਦੁੱਖ ਦਾ ਪ੍ਰਗਟਾਵਾ, ਲੰਡਨ 'ਚ ਟਰੈਕ 'ਤੇ ਪੱਗ ਦਾ ਕਿਵੇਂ ਜਿੱਤਿਆ ਸੀ ਅਧਿਕਾਰ

ਮਸ਼ਹੂਰ ਬਜ਼ੁਰਗ ਦੌੜਾਕ 114 ਸਾਲਾ ਫੌਜਾ ਸਿੰਘ ਦਾ ਦੇਹਾਂਤ ਹੋ ਗਿਆ ਹੈ।ਉਨ੍ਹਾਂ ਦੀ ਮੌਤ ਦੀ ਪੁਸ਼ਟੀ ਉਨ੍ਹਾਂ ਦੇ ਪੁੱਤਰ ਹਰਵਿੰਦਰ ਸਿੰਘ ਵੱਲੋਂ ਕੀਤੀ ਗਈ ਹੈ। ਪਰਿਵਾਰ ਮੁਤਾਬਕ ਫੌਜਾ ਸਿੰਘ ਸੋਮਵਾਰ ਦੁਪਹਿਰ ਕਰੀਬ ਤਿੰਨ ਕੁ ਵਜੇ ਘਰੋਂ ਨਿਕਲ ਕੇ ਜਲੰਧਰ ਪਠਾਨਕੋਟ ਰਾਸ਼ਟਰੀ ਰਾਜ ਮਾਰਗ ਦੇ ਦੂਜੇ ਪਾਸੇ ਇੱਕ ਢਾਬੇ ਵੱਲ ਨੂੰ ਜਾ ਰਹੇ ਸਨ ਤੇ ਜਲੰਧਰ ਤੋਂ ਪਠਾਨਕੋਟ ਵੱਲ ਜਾ ਰਹੀ ਇੱਕ ਗੱਡੀ ਨੇ ਟੱਕਰ ਮਾਰ ਦਿੱਤੀ। ਉਨ੍ਹਾਂ ਨੇ ਅੱਗੇ ਦੱਸਿਆ, ÷ਟੱਕਰ ਵੱਜਣ ਤੋਂ ਬਾਅਦ ਫੌਜਾ ਸਿੰਘ ਸੜਕ ਉੱਤੇ ਡਿੱਗ ਗਏ। ਜਿਨ੍ਹਾਂ ਨੂੰ ਲੋਕਾਂ ਨੇ ਚੁੱਕ ਕੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਜਿੱਥੇ ਉਨ੍ਹਾਂ ਦੀ ਮਰ੍ਹਮ ਪੱਟੀ ਕੀਤੀ ਗਈ। ਕੁਝ ਦੇਰ ਬਾਅਦ ਫੌਜਾ ਸਿੰਘ ਵੱਲੋਂ ਦਿਲ @ਚ ਘਬਰਾਹਟ ਮਹਿਸੂਸ ਹੋਣ @ਤੇ ਜਦੋਂ ਉਨ੍ਹਾਂ ਦਾ ਚੈੱਕਅਪ ਕੀਤਾ ਜਾ ਰਿਹਾ ਸੀ ਤਾਂ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੇ ਪਾਸਪੋਰਟ ਦੇ ਮੁਤਾਬਕ, ਉਨ੍ਹਾਂ ਦਾ ਜਨਮ 1 ਅਪ੍ਰੈਲ 1911 ਨੂੰ ਹੋਇਆ ਸੀ।

**ਫੌਜਾ ਸਿੰਘ ਨੇ ਕਿਵੇਂ ਇਤਿਹਾਸ ਰਚਿਆ ?**

ਕੁਝ ਦਿਨ ਪਹਿਲਾਂ ਬੀਬੀਸੀ ਨਾਲ ਗੱਲ ਕਰਦਿਆਂ ਫੌਜਾ ਸਿੰਘ ਨੇ ਕਿਹਾ ਸੀ, ਮੈਂ ਸੈਰ ਲਈ ਅੱਜ ਵੀ ਪਿੰਡ ਦੇ ਆਲੇ-ਦੁਆਲੇ ਗੇੜਾ ਮਾਰਦਾ ਹਾਂ ਤਾਂ ਜੋ ਮੇਰੀਆਂ ਲੱਤਾਂ ਮਜ਼ਬੂਤ ਰਹਿਣ। ਇਨਸਾਨ ਨੇ ਆਪਣਾ ਸਰੀਰ ਆਪ ਹੀ ਕਾਇਮ ਰੱਖਣਾ ਹੁੰਦਾ ਹੈ। ਭਾਰਤੀ ਮੈਰਾਥਨ ਦੌੜਾਕ ਫੌਜਾ ਸਿੰਘ ਨੇ ਆਪਣੇ ਸਰੀਰ ਦੀ ਮਜ਼ਬੂਤੀ ਦਾ ਕਾਰਨ ਦੱਸਦਿਆਂ ਇਹ ਦਲੀਲ ਦਿੱਤੀ ਸੀ। ਉਹ ਜਲੰਧਰ ਦੇ ਪਿੰਡ ਬਿਆਸ ਵਿੱਚ ਆਪਣੇ ਜੱਦੀ ਘਰ ਵਿੱਚ ਰਹਿ ਰਹੇ ਸਨ। ਫੌਜਾ ਸਿੰਘ ਦੌੜ, ਚੰਗੀ ਸਿਹਤ ਅਤੇ ਅਨੁਸ਼ਾਸਨ ਵਾਲੀ ਜ਼ਿੰਦਗੀ ਜੀਣ ਦੀ ਦੁਨੀਆਂ ਪੱਧਰ 'ਤੇ ਇੱਕ ਵੱਡੀ ਮਿਸਾਲ ਸਨ।ਉਹ ਸ਼ਾਕਾਹਾਰੀ ਸਨ ਪਰ ਅਲਸੀ ਦੀਆਂ ਪਿੰਨੀਆਂ ਆਪਣੀ ਖ਼ੁਰਾਕ ਵਿੱਚ ਜ਼ਰੂਰ ਰੱਖਦੇ ਸਨ।ਸਾਲ 1911 ਵਿੱਚ ਜਨਮੇ ਫੌਜਾ ਸਿੰਘ ਦੋ ਵਿਸ਼ਵ ਜੰਗਾਂ ਦੇ ਗਵਾਹ ਬਣੇ ਅਤੇ ਉਨ੍ਹਾਂ ਨੇ ਭਾਰਤ-ਪਾਕਿਸਤਾਨ ਵੰਡ ਦੀ ਪੀੜ੍ਹ ਵੀ ਹੰਢਾਈ ਹੈ।ਫੌਜਾ ਸਿੰਘ ਨੇ ਸਾਲ 2004 ਵਿੱਚ ਉਸ ਵੇਲੇ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਜਦੋਂ ਉਹ ਇੱਕ ਕੌਮਾਂਤਰੀ ਕੰਪਨੀ ਦੇ ਇਸ਼ਤਿਹਾਰ ਵਿੱਚ ਫੁੱਟਬਾਲ ਆਈਕਨ ਡੇਵਿਡ ਬੇਖਮ ਅਤੇ ਮਹਾਨ ਮੁੱਕੇਬਾਜ਼ੀ ਮੁਹੰਮਦ ਅਲੀ ਨਾਲ ਦਿਖਾਈ ਦਿੱਤੇ। ਇਸ ਦੇ ਨਾਲ ਹੀ ਉਹ 2010 ਵਿੱਚ ਉਸੇ ਕੰਪਨੀ ਦੇ ਨਵੇਂ ਪੋਸਟਰ ਬੁਆਏ ਬਣੇ ਅਤੇ ਉਨ੍ਹਾਂ ਨੇ ਬੇਖਮ ਦੀ ਥਾਂ ਲੈ ਲਈ ਸੀ। ਫੌਜਾ ਸਿੰਘ ਨੇ ਸਾਲ 2000 ਵਿੱਚ 'ਲੰਡਨ ਮੈਰਾਥਨ' ਵਿੱਚ ਆਪਣੀ ਮੈਰਾਥਨ ਦੌੜ ਦੀ ਸ਼ੁਰੂਆਤ ਕੀਤੀ ਸੀ।89 ਸਾਲ ਦੀ ਉਮਰ ਤੋਂ ਇੱਕ ਮਹੀਨਾ ਪਹਿਲਾਂ, ਫੌਜਾ ਸਿੰਘ ਨੇ 6 ਘੰਟੇ 54 ਮਿੰਟ ਵਿੱਚ ਇਹ ਦੌੜ ਪੂਰੀ ਕੀਤੀ ਸੀ।ਉਹ 100 ਸਾਲ ਦੀ ਉਮਰ ਤੱਕ ਮੈਰਾਥਨ ਦੌੜਦੇ ਰਹੇ ਅਤੇ ਉਨ੍ਹਾਂ ਨੇ ਕਈ ਵਿਸ਼ਵ ਰਿਕਾਰਡ ਆਪਣੇ ਨਾਮ ਕੀਤੇ।ਉਨ੍ਹਾਂ ਨੇ 2011 ਟੋਰਾਂਟੋ ਵਾਟਰਫਰੰਟ ਮੈਰਾਥਨ ਵਿੱਚ 8 ਘੰਟੇ, 25 ਮਿੰਟ ਅਤੇ 17 ਸਕਿੰਟ ਵਿੱਚ ਦੌੜ ਪੂਰੀ ਕੀਤਾ ਸੀ। 2012 ਵਿੱਚ ਉਨ੍ਹਾਂ ਨੇ ਲੰਡਨ ਓਲੰਪਿਕ ਦੌਰਾਨ ਮਸ਼ਾਲ ਮੈਰਾਥਨ ਦੌੜੀ ਸੀ। ਉਨ੍ਹਾਂ ਨੇ



2013 ਵਿੱਚ ਹਾਂਗਕਾਂਗ ਵਿੱਚ ਦੌੜੀ 10 ਕਿਲੋਮੀਟਰ ਦੀ ਦੌੜ 1 ਘੰਟਾ, 32 ਮਿੰਟ ਅਤੇ 28 ਸਕਿੰਟਾਂ ਵਿੱਚ ਪੂਰੀ ਕੀਤੀ ਜਿਸ ਤੋਂ ਬਾਅਦ ਉਨ੍ਹਾਂ ਨੇ ਮੈਰਥਨ ਦੌੜ ਨੂੰ ਅਲਵਿਦਾ ਕਹਿ ਦਿੱਤਾ।

**ਇੰਗਲੈਂਡ ਦੀ ਰਾਣੀ ਨਾਲ ਮੁਲਾਕਾਤਾਂ**

ਫੌਜਾ ਸਿੰਘ ਨੇ ਇੰਗਲੈਂਡ ਦੀ ਰਾਣੀ ਨਾਲ ਆਪਣੀ ਇੱਕ ਫੋਟੋ ਜੱਦੀ ਘਰ ਦੀ ਕੰਧ 'ਤੇ ਲਗਾਈ ਹੋਈ ਹੈ।ਆਪਣੀਆਂ ਅਦਭੁੱਤ ਯਾਦਾਂ ਬਾਰੇ ਦੱਸਦਿਆਂ ਉਹ ਕਹਿੰਦੇ ਸਨ, ਮੈਂ ਰਾਣੀ (ਮਹਾਰਾਣੀ ਐਲਿਜ਼ਾਬੈਥ 99) ਨੂੰ ਤਿੰਨ ਵਾਰ ਮਿਲਿਆ।ਰਾਣੀ ਨਾਲ ਕੰਧ 'ਤੇ ਲੱਗੀ ਫੋਟੋ ਵੱਲ ਇਸ਼ਾਰਾ ਕਰਦੇ ਹੋਏ ਉਨ੍ਹਾਂ ਦੱਸਿਆ ਸੀ, ਰਾਣੀ ਨੇ ਮੈਨੂੰ ਆਪਣੇ ਮਹਿਲ-ਬਕਿੰਘਮ ਪੈਲੇਸ ਵਿੱਚ ਵੀ ਬੁਲਾਇਆ।

**ਪੁੱਤਰ ਨੂੰ ਮਿਲਣ ਦੀ ਤਾਂਘ**

ਇਸ ਸਮੇਂ ਉਹ ਆਪਣੇ ਸਭ ਤੋਂ ਛੋਟੇ ਪੁੱਤਰ ਹਰਵਿੰਦਰ ਸਿੰਘ ਨਾਲ ਆਪਣੇ ਪਿੰਡ ਬਿਆਸ ਵਿੱਚ ਰਹਿ ਰਹੇ ਸਨ। ਹਲਾਂਕਿ ਫੌਜਾ ਸਿੰਘ ਨੂੰ ਉਮੀਦ ਸੀ ਕਿ ਉਹ ਆਪਣੇ ਵੱਡੇ ਪੁੱਤਰ ਸੁਖਜਿੰਦਰ ਸਿੰਘ ਨੂੰ ਮਿਲਣ ਲਈ ਆਖਰੀ ਵਾਰ ਲੰਡਨ ਜਾਣਗੇ।ਉਹ ਕਹਿੰਦੇ ਸਨ, ਮੈਂ ਆਪਣੀ ਜ਼ਿੰਦਗੀ ਦੇ ਆਖ਼ਰੀ ਪੜਾਅ 'ਤੇ ਹਾਂ, ਇਸ ਲਈ ਕੁਝ ਸਥਿਰ ਨਹੀਂ ਹੈ ਪਰ ਮੈਨੂੰ ਉਮੀਦ ਹੈ ਕਿ ਮੈਂ ਇਸ ਸਾਲ ਦੇ ਅੰਤ ਤੱਕ ਲੰਡਨ ਜਾਵਾਂਗਾ ਤਾਂ ਜੋ ਉੱਥੇ ਆਪਣੇ ਪਰਿਵਾਰ ਅਤੇ ਆਪਣੇ ਕੋਚ ਹਰਮੰਦਰ ਸਿੰਘ ਨੂੰ ਮਿਲ ਸਕਾਂ।

**ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੀ ਕਿਹਾ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਫੌਜਾ ਸਿੰਘ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਸੋਸ਼ਲ ਮੀਡੀਆ ਅਕਾਊਂਟ ਐਕਸ ਉੱਤੇ ਇੱਕ ਪੋਸਟ ਵਿੱਚ ਉਨ੍ਹਾਂ ਲਿਖਿਆ, ÷ਉੱਘੇ ਪੰਜਾਬੀ ਸਿੱਖ ਦੌੜਾਕ ਫੌਜਾ ਸਿੰਘ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਸੁਣ ਕੇ ਬੇਹੱਦ ਦੁੱਖ ਹੋਇਆ।ਆਪਣੀਆਂ ਲੰਬੀਆਂ ਦੌੜਾਂ ਦੀ ਬਦੌਲਤ ਪੂਰੀ ਦੁਨੀਆ ਵਿੱਚ ਸਿੱਖ ਕੌਮ ਦਾ ਨਾਮ ਰੌਸ਼ਨ ਕਰਨ ਵਾਲੇ ਵਿਸ਼ਵ ਦੇ ਸਭ ਤੋਂ ਵੱਡੀ ਉਮਰ ਦੇ ਦੌੜਾਕ ਫੌਜਾ ਸਿੰਘ ਹਮੇਸ਼ਾ ਸਾਡੇ ਦਿਲਾਂ ਅਤੇ ਚੇਤਿਆਂ 'ਚ ਜਿਉਂਦੇ ਰਹਿਣਗੇ। ਉਨ੍ਹਾਂ ਲਿਖਿਆ, ÷ਪਰਿਵਾਰ ਤੇ ਚਾਹੁੰਣ ਵਾਲਿਆਂ ਨਾਲ ਦਿਲੋਂ ਹਮਦਰਦੀ ਹੈ।

**ਪਤਨੀ ਅਤੇ ਪੁੱਤਰ ਦੀ ਮੌਤ ਦਾ ਸਦਮਾ**

ਸਾਲ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਆਪਣੀ ਪਤਨੀ ਗਿਆਨ ਕੌਰ ਦੀ ਮੌਤ ਤੋਂ ਬਾਅਦ, ਫੌਜਾ ਸਿੰਘ ਆਪਣੇ ਵੱਡੇ ਪੁੱਤਰ ਸੁਖਜਿੰਦਰ ਸਿੰਘ ਨਾਲ ਰਹਿਣ ਲਈ ਲੰਡਨ ਚਲੇ ਗਏ ਸਨ।ਪਰ ਇਸ ਤੋਂ ਥੋੜ੍ਹੇ ਸਮੇਂ ਬਾਅਦ ਹੀ ਜ਼ਿੰਦਗੀ ਨੇ ਇੱਕ ਹੋਰ ਦੁਖਦਾਈ ਮੋੜ ਲੈ ਲਿਆ ਜਦੋਂ ਫੌਜਾ ਦੇ ਛੋਟੇ ਪੁੱਤਰ ਕੁਲਦੀਪ ਦੀ ਇੱਕ ਹਾਦਸੇ ਵਿੱਚ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਮੌਤ ਹੋ ਗਈ ਸੀ। ਇਸ ਸਦਮੇ ਨੇ ਉਨ੍ਹਾਂ ਨੂੰ ਤੋੜ ਕੇ ਰੱਖ ਦਿੱਤਾ ਸੀ। ਉਹ ਆਪਣੇ ਆਪ ਨੂੰ ਆਪਣੇ ਘਰ ਤੱਕ ਸੀਮਤ ਰੱਖਣ ਲੱਗੇ ਅਤੇ ਅਕਸਰ ਘੰਟਿਆਂ ਬੱਧੀ ਸ਼ਮਸ਼ਾਨਘਾਟ ਦੇ ਨੇੜੇ ਬੈਠੇ ਰਹਿੰਦੇ ਜਿੱਥੇ ਉਨ੍ਹਾਂ ਦੇ ਪੁੱਤਰ ਦਾ ਅੰਤਿਮ ਸਸਕਾਰ ਕੀਤਾ ਗਿਆ ਸੀ। ਫੌਜਾ ਸਿੰਘ ਦੱਸਦੇ ਸਨ, ÷ਪਿੰਡ ਦੇ ਲੋਕਾਂ ਨੂੰ ਮੇਰੀ ਚਿੰਤਾ ਸੀ ਅਤੇ ਡਰ ਸੀ ਕਿ ਇਹ ਸਥਿਤੀ ਮੈਨੂੰ ਅਸਥਿਰਤਾ ਵੱਲ ਲੈ ਜਾਵੇਗੀ। ਉਨ੍ਹਾਂ ਨੇ ਮੇਰੇ ਪਰਿਵਾਰ ਨੂੰ ਸਲਾਹ ਦਿੱਤੀ ਕਿ ਉਹ ਮੈਨੂੰ ਇੰਗਲੈਂਡ ਵਾਪਸ ਲੈ ਜਾਣ। ਫੌਜਾ ਸਿੰਘ ਦੇ ਛੇ ਬੱਚੇ ਸਨ, ਜਿਨ੍ਹਾਂ ਵਿੱਚ ਤਿੰਨ ਧੀਆਂ ਅਤੇ ਤਿੰਨ ਪੁੱਤਰ ਸ਼ਾਮਿਲ ਹਨ। ਫਿਲਹਾਲ, ਉਨ੍ਹਾਂ ਦਾ ਇੱਕ ਪੁੱਤਰ ਅਤੇ ਦੋ ਧੀਆਂ ਹੁਣ ਇਸ ਦੁਨੀਆਂ ਵਿੱਚ ਨਹੀਂ ਹਨ।

**ਲੰਡਨ ਵਾਪਸੀ ਤੇ ਮੈਰਾਥਨ ਦੀ ਸ਼ੁਰੂਆਤ**

ਘਰ ਵਿੱਚ ਬੈਠੇ-ਬੈਠੇ ਅੱਕ ਜਾਣ ਕਾਰਨ ਫੌਜਾ ਸਿੰਘ ਨੇ ਹੌਲੀ-ਹੌਲੀ ਜੌਗਿੰਗ ਵੱਲ ਰੁੱਖ ਕੀਤਾ ਸੀ ਅਤੇ ਇਹੋ ਇੱਕ ਸ਼ੁਰੂਆਤ ਸੀ ਜੋ ਉਨ੍ਹਾਂ ਦੀ ਜ਼ਿੰਦਗੀ ਬਦਲਣ ਵਾਲੀ ਸਾਬਤ ਹੋਈ ਸੀ।ਲੰਡਨ ਵਿੱਚ ਇੱਕ ਵਾਰੀ ਗੁਰਦੁਆਰਾ ਸਾਹਿਬ ਜਾਣ ਸਮੇਂ ਫੌਜਾ ਸਿੰਘ ਦੀ ਮੁਲਾਕਾਤ ਵੱਡੀ ਉਮਰ ਦੇ ਕੁਝ ਬੁਜ਼ੁਰਗਾਂ ਨਾਲ ਹੋਈ ਜੋ ਦੌੜਦੇ ਸਨ।ਉਨ੍ਹਾਂ ਵਿੱਚ ਕੋਚ ਹਰਮੰਦਰ ਸਿੰਘ ਵੀ ਸੀ, ਜਿਸ ਨੇ ਫੌਜਾ ਸਿੰਘ ਨੂੰ ਦੌੜ ਦੀ ਦੁਨੀਆ ਤੋਂ ਜਾਣੂ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ।ਉਨ੍ਹਾਂ ਨੇ ਦੱਸਿਆ ਸੀ, ÷ਜਵਾਨੀ ਵਿੱਚ ਤਾਂ ਮੈਨੂੰ 'ਮੈਰਾਥਨ' ਵਰਗਾ ਸ਼ਬਦ ਵੀ ਨਹੀਂ ਪਤਾ ਸੀ।ਮੈਂ ਕਦੇ ਸਕੂਲ ਨਹੀਂ ਗਿਆ, ਨਾ ਹੀ ਕਿਸੇ ਖੇਡ ਨਾਲ ਕੋਈ ਸਬੰਧ ਸੀ।ਮੈਂ ਤਾਂ ਇੱਕ ਕਿਸਾਨ ਸੀ ਅਤੇ ਜ਼ਿੰਦਗੀ ਦਾ ਲੰਮਾਂ ਸਮਾਂ ਖੇਤਾਂ ਵਿੱਚ ਹੀ ਗੁਜ਼ਾਰਿਆ ਸੀ।ਇੰਗਲੈਂਡ ਆ ਕੇ ਹੀ ਮੈਂ ਦੌੜ ਨਾਲ ਜੁੜਿਆ।ਬੋਲਦੇ-ਬੋਲਦੇ ਉਹ ਥੋੜ੍ਹਾ ਰੁਕ ਜਾਂਦੇ ਸਨ ਅਤੇ ਆਪਣੇ ਮ੍ਰਿਤਕ ਪੁੱਤ ਨੂੰ ਯਾਦ ਕਰਦੇ ਹੋਏ ਕਹਿੰਦੇ ਸਨ, ÷ਜੇ ਮੇਰੀ ਹਰਮੰਦਰ ਸਿੰਘ ਨਾਲ ਮੁਲਾਕਾਤ ਨਾ ਹੁੰਦੀ, ਤਾਂ ਮੈਂ ਕਦੇ ਮੈਰਾਥਨ ਨਾ ਦੌੜਦਾ। ਅੱਜ ਲੋਕ ਮੈਨੂੰ ਮੇਰੀਆਂ ਉਪਲੱਬਧੀਆਂ ਕਰਕੇ ਮਿਲਦੇ ਹਨ। ਮੈਨੂੰ ਮੈਰਾਥਨਾਂ, ਸਮਾਰੋਹਾਂ ਅਤੇ ਫੰਕਸ਼ਨਾਂ ਵਿੱਚ ਬੁਲਾਇਆ ਜਾਂਦਾ ਹੈ। ਮੈਰਾਥਨ ਦੀ ਦੁਨੀਆ ਵਿੱਚ ਆਉਣ ਤੋਂ ਪਹਿਲਾਂ ਵੀ ਮੈਂ ਓਹੀ ਫੌਜਾ ਸਿੰਘ ਸੀ ਪਰ ਇਸ ਦੌੜ ਨੇ ਮੇਰੀ ਜ਼ਿੰਦਗੀ ਨੂੰ ਇੱਕ ਮਕਸਦ ਦਿੱਤਾ ਅਤੇ ਮੈਨੂੰ ਦੁਨੀਆਂ ਭਰ ਵਿੱਚ ਮਾਣ-ਸਨਮਾਨ ਦਵਾਇਆ। ਫੌਜਾ ਸਿੰਘ ਨੇ ਦੱਸਿਆ ਸੀ, ÷ਉਸ ਸਮੇਂ ਲੰਡਨ ਵਿੱਚ ਮੈਂ ਅਕਸਰ ਗੁਰਦੁਆਰਾ ਸਾਹਿਬ ਜਾਂਦਾ ਸੀ ਜਿੱਥੇ ਮੇਰੀ ਖ਼ੁਰਾਕ ਦਾ ਧਿਆਨ ਰੱਖਿਆ ਜਾਂਦਾ ਸੀ। ਉੱਥੇ ਮੈਨੂੰ ਹਰ ਕੋਈ ਉਤਸ਼ਾਹਿਤ ਕਰਦਾ ਸੀ।

**ਮੈਰਾਥਨ ਦੌਰਾਨ ਪੱਗ ਨੂੰ ਕਿਵੇਂ ਮਨਜ਼ੂਰੀ ਮਿਲੀ ?**

ਮੈਰਾਥਨ ਦੌੜਾਂ ਦੌਰਾਨ ਸੱਭਿਆਚਾਰਕ ਮਾਣ ਅਤੇ ਇਸ ਲਈ ਲੜਾਈ ਦੇ ਪਲ ਵੀ ਆਏ ਸਨ। ਆਪਣੀ ਪਹਿਲੀ ਮੈਰਾਥਨ ਤੋਂ ਪਹਿਲਾਂ ਫੌਜਾ ਸਿੰਘ ਨੂੰ ਕਿਹਾ ਗਿਆ ਸੀ ਕਿ ਉਹ ਦੌੜਦੇ ਸਮੇਂ ਆਪਣੀ ਪੱਗ ਨਹੀਂ ਬੰਨ੍ਹ ਸਕਦੇ।ਅਧਿਕਾਰੀਆਂ ਨੇ ਉਨ੍ਹਾਂ ਨੂੰ ਦੱਸਿਆ ਕਿ ਸਿੱਖ ਦੌੜਾਕਾਂ ਨੂੰ ਸਿਰਫ਼ ਪਟਕਾ ਬੰਨਣ ਦੀ ਇਜਾਜ਼ਤ ਹੈ ਪਰ ਪੂਰੀ ਪੱਗ ਨਹੀਂ। ਹਲਾਂਕਿ ਫੌਜਾ ਸਿੰਘ ਦ੍ਰਿੜ ਰਹੇ। ਉਹ ਕਹਿੰਦੇ ਸਨ, ÷ਮੈਨੂੰ ਕਹਿੰਦੇ ਪੱਗ ਬੰਨ ਕੇ ਦੌੜਨ ਨਹੀਂ ਦੇਣ। ਬਿਲਕੁੱਲ ਨਹੀਂ ਦੌੜਨ ਦੇਣਾ....। ਮੈਂ ਕਿਹਾ ਕਿ ਭਾਵੇਂ ਮੇਰੇ ਸਿਰ ਉਪਰ ਵਾਲ ਨਹੀਂ, ਮੇਰੇ ਮੂੰਹ 'ਤੇ ਦਾੜੀ ਹੈ, ਮੈਂ ਇਸ ਦੌੜ ਤੋਂ ਕੀ ਲੈਣਾ ਹੈ ? ਮੈਂ ਕਿਹਾ ਮੈਂ ਦੌੜਨਾ ਹੀ ਨਹੀਂ। ਫਿਰ ਉਹ ਕਹਿੰਦੇ ਚਲੋ ਪੱਗ ਮਨਜ਼ੂਰ ਹੈ। ਇਸ ਤੋਂ ਬਾਅਦ ਢੋਲ ਵੱਜ ਗਏ ਅਤੇ ਤਸਵੀਰਾਂ ਲੱਗ ਗਈਆਂ ਕਿ ਪੱਗ ਮਨਜ਼ੂਰ ਹੋ ਗਈ। ਹੁਣ ਸੋਹਣੇ ਪੱਗਾਂ ਵਾਲੇ ਸਿੱਖ ਦੌੜਦੇ ਹਨ। ਇਸ ਵਿੱਚ ਮੇਰਾ ਕੁਝ ਨਹੀਂ, ਸਭ ਰੱਬ ਨੇ ਕੀਤਾ।

## ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਦੁੱਖ ਦਾ ਪ੍ਰਗਟਾਵਾ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਸ਼ਲ ਮੀਡੀਆ ਅਕਾਉਂਟ ਐਕਸ ਉੱਤੇ ਫੌਜਾ ਸਿੰਘ ਦੀ ਮੌਤ 'ਤੇ ਸੰਵੇਦਨਾ ਪ੍ਰਗਟ ਕਰਦਿਆਂ ਇੱਕ ਪੋਸਟ ਸਾਂਝੀ ਕੀਤੀ ਹੈ।। ਉਨ੍ਹਾਂ ਲਿਖਿਆ, ਫੌਜਾ ਸਿੰਘ ਜੀ ਆਪਣੇ ਵਿਲੱਖਣ ਵਿਅਕਤੀਤਵ ਅਤੇ ਭਾਰਤ ਦੇ ਨੌਜਵਾਨਾਂ ਨੂੰ ਤੰਦਰੁਸਤੀ ਦੇ ਇੱਕ ਬਹੁਤ ਅਹਿਮ ਵਿਸ਼ੇ 'ਤੇ ਪ੍ਰੇਰਿਤ ਕਰਨ ਦੇ ਆਪਣੇ ਤਰੀਕੇ ਕਾਰਨ ਅਸਾਧਾਰਨ ਵਿਅਕਤੀਤਵ ਦੇ ਮਾਲਕ ਸਨ।ਉਹ ਇੱਕ ਬੇਮਿਸਾਲ ਐਥਲੀਟ ਸੀ, ਜੋ ਬੇਹੱਦ ਦ੍ਰਿੜ ਇਰਾਦੇ ਦਾ ਮਾਲਕ ਸੀ।ਉਨ੍ਹਾਂ ਦੇ ਅਕਾਲ ਚਲਾਣੇ ਤੋਂ ਦੁਖੀ ਹਾਂ। ਮੇਰੀਆਂ ਸੰਵੇਦਨਾਵਾਂ ਉਨ੍ਹਾਂ ਦੇ ਪਰਿਵਾਰ ਅਤੇ ਦੁਨੀਆ ਭਰ 'ਚ ਵਸਦੇ ਉਨ੍ਹਾਂ ਦੇ ਅਣਗਿਣਤ ਪ੍ਰਸ਼ੰਸਕਾਂ ਨਾਲ ਹਨ।



Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025

# Event Master Team & Humanity First Organizations Organised super successful 'Teeyan Da Mela 'in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੋਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ

ਦੇਸ਼ੋਂ ਪ੍ਰਦੇਸ਼ ਹੋਏ ਸਾਡੇ ਪੰਜਾਬੀਆਂ ਦਾ ਮਨ ਦਿਲ ਤਾ ਪੰਜਾਬ ਵਿੱਚ ਹੈ ।ਪੰਜਾਬ ਦੇ ਰੰਗਲੇ ਸੱਭਿਆਚਾਰ ਤੇ ਮਿੱਟੀ ਦੀ ਮਹਿਕ ਹੀ ਅਜਿਹੀ ਹੈ ਕੋਈ ਚਾਹ ਕੇ ਵੀ ਇਸ ਤੋਂ ਦੂਰ ਨਹੀਂ ਰਹਿ ਸਕਦਾ । ਮਾਡਰਨਤਾ ਦੇ ਰੰਗ ਰੰਗੇ ਸਾਡੇ ਪੰਜਾਬੀ ਅੱਜ ਭਾਵੇ ਵਿਰਸੇ ਤੋਂ ਵਿੱਛੜ ਰਹੇ ਹਨ ਪਰ ਸਾਡੇ ਵਿਦੇਸ਼ ਵਸਦੇ ਪੰਜਾਬੀਆਂ ਨੇ ਸਾਡੇ ਅਮੀਰ ਵਿਰਸੇ ਦੀ ਮਹਿਕ ਨੂੰ ਵਿਦੇਸ਼ਾਂ ਵਿੱਚ ਪੂਰੀ ਤਰਾਂ ਮਹਿਕਾਂ ਕੇ ਰੱਖਿਆ ਹੈ । ਤਾਜ਼ਾ ਮਿਸਾਲ Long Island NewYork ਵਿੱਚ ਧੂਮ ਧਾਮ ਨਾਲ ਸੰਪੰਨ ਹੋਇਆ ਤੀਆਂ ਦਾ ਮੇਲਾ ਜੋ Event Master & Humanity First Organisations ਵੱਲੋਂ ਕਰਵਾਇਆ ਗਿਆ । ਇਸ ਮੇਲੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਮੇਲੇ ਵਿੱਚ ਨਿਊਯਾਰਕ ਵਸਦੀਆ ਪੰਜਾਬਣਾ ਹੀ ਨਹੀਂ ਸਗੋਂ ਹੋਰ ਕਿਮਊਨਿਟਿਆ ਦੀ ਔਰਤਾਂ ਵੀ ਸਜ ਧਜ ਕੇ ਪਹੁੰਚੀਆਂ ਅਤੇ ਪੰਜਾਬੀ ਕਲਚਰ ਦਾ ਆਨੰਦ ਮਾਣਿਆ । ਮਸ਼ਹੂਰ ਪੰਜਾਬੀ ਗਾਇਕਾਂ ਕੌਰ ਬੀ ਨੇ ਵੀ ਆਪਣੀ ਖੂਬਸੂਰਤੀਆ ਦੀ ਅਦਾਵਾਂ ਅਤੇ ਸੁਰੀਲੀ ਗਾਇਕੀ ਨਾਲ ਸਾਰਿਆਂ ਦਾ ਮਨ ਮੋਹਿਆ । ਕੌਰ ਬੀ ਦੀ ਗਾਇਕੀ ਨੇ ਪੰਜਾਬਣਾ ਹੀ ਨਹੀਂ ਸਗੋਂ ਗੋਰੀਆਂ ਨੂੰ ਵੀ ਨੱਚਣ ਤੇ ਮਜ਼ਬੂਰ ਕਰ ਦਿੱਤਾ । ਮਿਸ ਅੰਜੂ ਸ਼ਰਮਾ ਨੇ ਸਟੇਜ ਦੀ ਅਗਵਾਈ ਬੜੀ ਖੂਬਸੂਰਤੀ ਨਾਲ ਕੀਤੀ ਅਤੇ ਮੇਲੇ ਦੀ ਸ਼ੁਰੂਆਤ ਆਪਣੀ ਖੂਬਸੂਰਤ ਸ਼ਾਇਰੀ ਨਾਲ ਕੀਤੀ ।ਮੇਲੇ ਵਿੱਚ ਪੰਜਾਬੀ ਫੈਸ਼ਨ ਸ਼ੋਅ ਅਤੇ ਮਿਸ ਪੰਜਾਬਣ ਤੇ ਮਿਸ ਛੋਟੀ ਪੰਜਾਬਣ ਪ੍ਰਤਿਯੋਗਤਾ ਵੀ ਕਰਵਾਈ ਗਈ ।ਸਜੀਆਂ ਧੱਜੀਆਂ ਮੁਟਿਆਰਾਂ ਨੇ ਗਿੱਧੇ ਵਿੱਚ ਧਮਾਲਾਂ ਪਾਈਆਂ । ਟੌਰ ਮੁਟਿਆਰਾਂ ਦੀ ਅਤੇ ਗਿੱਧਾ ਰਾਣੀਆਂ " ਗਿੱਧਾ ਟੀਮਾਂ ਨੇ ਪੰਜਾਬੀ ਵਿਰਸੇ ਦੀ ਰੰਗਲੀ ਤਸਵੀਰ ਪੇਸ਼ ਕੀਤੀ ।ਇਸ ਮੇਲੇ ਵਿੱਚ ਲਗਭਗ 20 ਦੇ ਕਰੀਬ ਵੈਂਡਰਾ ਨੇ ਆਪਣੇ ਖੂਬਸੂਰਤ ਸਮਾਨ ਦੇ ਬੂਥ ਲਗਾਏ ਜਿੱਥੋਂ ਸਭਨੇ ਖ਼ੂਬ ਖਰੀਦਦਾਰੀ ਵੀ ਕੀਤੀ ।ਪੰਜਾਬੀ ਢਾਬੇ ਦੇ ਸੁਆਦੀ ਪਕਵਾਨਾਂ ( ਕੜੀ ਚਾਵਲ ਸਾਂਗ ਮੱਕੀ ਦੀ ਰੋਟੀ, ਸਮੋਸੇ . ਗੋਲ ਗੱਪੇ ਅਤੇ ਮਾਲ ਪੂੜੇ ) ਦਾ ਵੀ ਸਭ ਨੇ ਲੁੱਤਫ ਉਠਾਇਆ । ਮੇਲੇ ਦੇ ਅੰਤ ਵਿੱਚ ਰੈਫਲ ਇਨਾਮ ਵੀ ਕੱਢੇ ਗਏ । ਮੇਲੇ ਦੇ ਮੁੱਖ ਪ੍ਰਬੰਧਕ ਉਂਕਾਰ ਸਿੰਘ, ਰਾਜੀਵ ਮੈਨੀ ਅਤੇ ਸਮੂਹ ਟੀਮ ਸਫਲਤਾ ਪੂਰਵਕ ਸੰਪੰਨ ਹੋਏ ਇਸ ਮੇਲੇ ਲਈ ਵਧਾਈ ਦੀ ਪਾਤਰ ਹੈ ।ਜਿਕਰਯੋਗ ਹੈ ਕਿ Onkar Singh ਆਪਣੇ ਪੰਜਾਬ ਦੀ ਦਿਲੋਂ ਸੇਵਾ ਕਰ ਰਹੇ ਹਨ ਅਤੇ ਆਪਣੇ ਕਲਚਰ ਨੋ ਵਿਦੇਸ਼ ਦੀ ਧਰਤੀ ਤੇ ਫੈਲਾਉਣ ਵਿੱਚ ਬਹੁੱਤ ਵੱਡਾ ਯੋਗਦਾਨ ਪਾ ਰਹੇ ਹਨ । ਆਉ ਵੇਖਦੇ ਹਾਂ ਪ੍ਰੀਤਨਾਮਾ ਮੀਡੀਆ ਵੱਲੋਂ ਕੀਤੇ ਗਈ ਵਿਸ਼ੇਸ਼ ਕਵਰੇਜ ।













# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025


# Event Master Team & Humanity First Organizations Organised super successful 'Teeyan Da Mela 'in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੋਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ












# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025


# Event Master Team & Humanity First Organizations Organised super successful 'Teeyan Da Mela 'in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੋਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ























# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025


# Event Master Team & Humanity First Organizations Organised super successful 'Teeyan Da Mela 'in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੌਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ















# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312 | Website: www.preetnama.com Email preetnamausa@gmail.com | 18 JULY TO 24 JULY ,2025


## Event Master Team & Humanity First Organizations Organised super successful ‘Teeyan Da Mela ‘in Marriott Uniondale NY

### ਮਸ਼ਹੂਰ ਪੰਜਾਬੀ ਗਾਇਕਾ ਕੋਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ
















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025


# Event Master Team & Humanity First Organizations Organised super successful 'Teeyan Da Mela 'in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੋਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ

















# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM



Chief Editor
Pritpal Kaur
+1 201-312-4180



Vol 4, Issue 312 | Website: www.preetnama.com Email preetnamausa@gmail.com | 18 JULY TO 24 JULY ,2025


# Event Master Team & Humanity First Organizations Organised super successful 'Teeyan Da Mela 'in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੋਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ













# Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312 | Website: www.preetnama.com Email preetnamausa@gmail.com | 18 JULY TO 24 JULY ,2025


# Event Master Team & Humanity First Organizations Organised super successful 'Teeyan Da Mela 'in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੋਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ






















Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 312
Website: www.preetnama.com Email preetnamausa@gmail.com
18 JULY TO 24 JULY ,2025

# Event Master Team & Humanity First Organizations Organised super successful 'Teeyan Da Mela 'in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੋਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ












Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025

# Event Master Team & Humanity First Organizations Organised super successful 'Teeyan Da Mela 'in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੋਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ














# Preetnama
Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312 | Website: www.preetnama.com Email preetnamausa@gmail.com | 18 JULY TO 24 JULY ,2025


# Event Master Team & Humanity First Organizations Organised super successful ‘Teeyan Da Mela ‘in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੌਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ














# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM



Chief Editor
Pritpal Kaur
+1 201-312-4180



Vol 4, Issue 312 | Website: www.preetnama.com Email preetnamausa@gmail.com | 18 JULY TO 24 JULY ,2025


# Event Master Team & Humanity First Organizations Organised super successful 'Teeyan Da Mela 'in Marriott Uniondale NY

## ਮਸ਼ਹੂਰ ਪੰਜਾਬੀ ਗਾਇਕਾ ਕੋਰ ਬੀ ਨੇ ਆਪਣੀ ਸੁਰੀਲੀ ਅਵਾਜ਼ ਨਾਲ ਮੁਟਿਆਰਾਂ ਨੂੰ ਨੱਚਣ ਲਈ ਕਰ ਦਿੱਤਾ ਮਜ਼ਬੂਰ

















# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312 | Website: www.preetnama.com Email preetnamausa@gmail.com | 18 JULY TO 24 JULY ,2025

## IDP USA had their Curtain Raiser and Press Conference on Friday, July 11th, 2025 at the Theodore Roosevelt Executive and Legislative Bldg., 1550 Franklin Ave, Mineola, NY 11500.

**Official and special dignitaries were present there along with Senator Steve Rhoads**

**Film Actress DeepShikha and Kashish Singh also specially came from India to join this curtain raiser program.
Mr. Vimal Goel and President Deepak Bansal welcomed to all the guest and requested to join the parade on August 24th , 2025.**

















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025


## IDP USA had their Curtain Raiser and Press Conference on Friday, July 11th, 2025 at the Theodore Roosevelt Executive and Legislative Bldg., 1550 Franklin Ave, Mineola, NY 11500.

**Official and special dignitaries were present there along with Senator Steve Rhoads**

**Film Actress DeepShikha and Kashish Singh also specially came from India to join this curtain raiser program.**
**Mr. Vimal Goel and President Deepak Bansal welcomed to all the guest and requested to join the parade on August 24th , 2025.**
















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025

## IDP USA had their Curtain Raiser and Press Conference on Friday, July 11th, 2025 at the Theodore Roosevelt Executive and Legislative Bldg., 1550 Franklin Ave, Mineola, NY 11500.

**Official and special dignitaries were present there along with Senator Steve Rhoads**

**Film Actress DeepShikha and Kashish Singh also specially came from India to join this curtain raiser program.**
**Mr. Vimal Goel and President Deepak Bansal welcomed to all the guest and requested to join the parade on August 24th , 2025.**



















# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312 | Website: www.preetnama.com Email preetnamausa@gmail.com | 18 JULY TO 24 JULY ,2025


## IDP USA had their Curtain Raiser and Press Conference on Friday, July 11th, 2025 at the Theodore Roosevelt Executive and Legislative Bldg., 1550 Franklin Ave, Mineola, NY 11500.

**Official and special dignitaries were present there along with Senator Steve Rhoads**

**Film Actress DeepShikha and Kashish Singh also specially came from India to join this curtain raiser program.
Mr. Vimal Goel and President Deepak Bansal welcomed to all the guest and requested to join the parade on August 24th , 2025.**





















# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025




# Preetnama

ਪ੍ਰੀਤਨਾਮਾ

ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025




# ਹਿਮਾਚਲ ਪ੍ਰਦੇਸ਼: ਆਫ਼ਤ ਵਿੱਚ ਕਈ ਘਰ ਰੁੜ੍ਹੇ, ਪਰਿਵਾਰ ਉੱਜੜ ਗਏ, ਇੱਕ ਹਫ਼ਤੇ ਬਾਅਦ ਵੀ ਕਈ ਲੋਕ ਲਾਪਤਾ



ਹਿਮਾਚਲ ਪ੍ਰਦੇਸ਼ ਦੇ ਮੰਡੀ ਜ਼ਿਲ੍ਹੇ ਦੀ ਸੇਰਾਜ ਘਾਟੀ ਵਿੱਚ ਲਗਭਗ ਪੰਦਰਾਂ ਦਿਨ ਪਹਿਲਾਂ ਭਾਰੀ ਬਾਰਿਸ਼ ਕਾਰਨ ਹੋਈ ਤਬਾਹੀ ਦੀ ਪੂਰੀ ਤਸਵੀਰ ਹੌਲੀ-ਹੌਲੀ ਸਾਹਮਣੇ ਆ ਰਹੀ ਹੈ। ਆਫ਼ਤ ਤੋਂ ਬਾਅਦ, ਇੱਥੇ ਤਬਾਹੀ ਦੇ ਨਿਸ਼ਾਨ ਖਿੰਡੇ ਹੋਏ ਹਨ। ਪਹਾੜੀਆਂ ’ਤੇ ਹਰ ਪਾਸੇ ਮਲਬਾ ਅਤੇ ਪੱਥਰ ਦਿਖਾਈ ਦੇ ਰਹੇ ਹਨ। ਮੀਂਹ ਕਾਰਨ ਹੋਈ ਤਬਾਹੀ ਵਿੱਚ ਸੇਰਾਜ ਘਾਟੀ ਦਾ ਇੱਕ ਹਿੱਸਾ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਇਸ ਸਮੇਂ ਰਾਹਤ ਅਤੇ ਪੁਨਰਵਾਸ ਦਾ ਕੰਮ ਚੱਲ ਰਿਹਾ ਹੈ। ਸੇਰਾਜ ਘਾਟੀ ਦੇ ਦੇਜੀ ਪਿੰਡ ਦੇ 35 ਸਾਲਾ ਮੁਕੇਸ਼ ਕੁਮਾਰ ਨੇ ਫ਼ੋਨ ’ਤੇ ਉਦਾਸ ਆਵਾਜ਼ ਵਿੱਚ ਕਿਹਾ, ÷ਹੁਣ ਮੈਂ ਕੀ ਕਹਾਂ ? ਕੁਝ ਵੀ ਨਹੀਂ ਬਚਿਆ। ਮੁਕੇਸ਼ ਕਹਿੰਦੇ ਹਨ ਕਿ ਇਸ ਆਫ਼ਤ ਨੇ ਉਨ੍ਹਾਂ ਕੋਲ ਆਪਣੀ ਜ਼ਿੰਦਗੀ ਦੁਬਾਰਾ ਸ਼ੁਰੂ ਕਰਨ ਤੋਂ ਇਲਾਵਾ ਕੋਈ ਹੋਰ ਬਦਲ ਨਹੀਂ ਛੱਡਿਆ ਹੈ।

**ਪੂਰਾ ਪਰਿਵਾਰ ਰੁੜ੍ਹ ਗਿਆ, ਅਜੇ ਤੱਕ ਪਤਾ ਨਹੀਂ ਲੱਗਾ**

30 ਜੂਨ ਅਤੇ 1 ਜੁਲਾਈ ਦੀ ਰਾਤ ਨੂੰ, ਮੁਕੇਸ਼ ਦਾ ਪੂਰਾ ਪਰਿਵਾਰ ਮੀਂਹ ਕਾਰਨ ਅਚਾਨਕ ਆਏ ਹੜ੍ਹ ਵਿੱਚ ਰੁੜ੍ਹ ਗਿਆ। ਉਨ੍ਹਾਂ ਦੀ ਪਤਨੀ, ਦੋ ਬੱਚੇ (ਤਿੰਨ ਸਾਲ ਦੀ ਧੀ ਅਤੇ ਨੌਂ ਸਾਲ ਦਾ ਪੁੱਤਰ) ਅਤੇ ਮਾਪੇ ਰੁੜ੍ਹ ਗਏ। ਮੁਕੇਸ਼ ਦਾ ਕਹਿਣਾ ਹੈ ਕਿ ਅਜੇ ਤੱਕ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਮੈਂਬਰ ਦਾ ਕੋਈ ਪਤਾ ਨਹੀਂ ਲੱਗਾ। ਮੁਕੇਸ਼ ਕਹਿੰਦੇ ਹਨ, ਮੈਂ ਉਸ ਰਾਤ ਕਿਸੇ ਕੰਮ ਲਈ ਆਪਣੇ ਪਿੰਡ ਤੋਂ ਕੁਝ ਕਿਲੋਮੀਟਰ ਦੂਰ ਥੁਨਾਗ ਵਿੱਚ ਸੀ। ਰਾਤ ਨੂੰ ਜ਼ੋਰਦਾਰ ਮੀਂਹ ਪਿਆ ਅਤੇ ਮੈਂ ਦੇਖਿਆ ਕਿ ਪਹਾੜੀ ਤੋਂ ਪਾਣੀ ਤੇਜ਼ੀ ਨਾਲ ਹੇਠਾਂ ਆ ਰਿਹਾ ਸੀ, ਉਹ ਆਪਣੇ ਰਸਤੇ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਰੋੜ ਕੇ ਲੈ ਗਿਆ। ਮੈਂ ਡਰ ਗਿਆ। ਸਵੇਰੇ ਮੀਂਹ ਕੁਝ ਦੇਰ ਲਈ ਰੁਕ ਗਿਆ। ਸੜਕ ਨਾਲ ਸੰਪਰਕ ਨਾ ਹੋਣ ਕਰ ਕੇ ਮੈਂ ਘਰ ਪਹੁੰਚਣ ਲਈ ਲਗਭਗ 5-6 ਕਿਲੋਮੀਟਰ ਤੁਰਿਆ। ਮੈਂ ਹਰ ਜਗ ?ਹਾ ਮਲਬਾ ਦੇਖ ਕੇ ਹੈਰਾਨ ਰਹਿ ਗਿਆ। ਕੋਈ ਪਰਿਵਾਰ ਨਹੀਂ ਸੀ, ਕੋਈ ਘਰ, ਕੋਈ ਖੇਤੀਬਾੜੀ ਵਾਲੀ ਜ਼ਮੀਨ ਨਹੀਂ ਸੀ, ਸਿਰਫ਼ ਪੱਥਰ, ਚਿੱਕੜ ਅਤੇ ਪਾਣੀ ਸੀ ਉਦੋਂ ਤੋਂ, ਉਹ ਐੱਨਡੀਆਰਐੱਫ ਅਤੇ ਹੋਰ ਪਿੰਡ ਵਾਸੀਆਂ ਦੀ ਮਦਦ ਨਾਲ ਪਹਾੜੀ ਦੇ ਹੇਠਾਂ ਮਲਬੇ ਵਿੱਚ ਆਪਣੇ ਪਰਿਵਾਰ ਦੀ ਭਾਲ ਕਰ ਰਿਹਾ ਹੈ, ਪਰ ਹੁਣ ਤੱਕ ਉਨ੍ਹਾਂ ਦਾ ਕੋਈ ਪਤਾ ਨਹੀਂ ਲੱਗਿਆ ਹੈ। ਮੁਕੇਸ਼ ਪੇਸ਼ੇ ਤੋਂ ਇੱਕ ਕਿਸਾਨ ਹੈ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਚਾਰ ਵਿੱਘੇ ਜ਼ਮੀਨ ਪਾਣੀ ਵਿੱਚ ਪੂਰੀ ਤਰ੍ਹਾਂ ਰੁੜ੍ਹ ਗਈ ਹੈ। ਮੰਡੀ ਦੇ ਪ੍ਰਵਦਾ ਪੰਚਾਇਤ ਦੇ ਗੋਹਰ ਪਿੰਡ ਦੀ ਗਿਆਰਾਂ ਸਾਲਾ ਨਿਕਿਤਾ ਕੁਮਾਰੀ ਨੂੰ ਅਜੇ ਤੱਕ ਜ਼ਿੰਦਗੀ ਬਾਰੇ ਕੁਝ ਸਮਝ ਨਹੀਂ ਆਇਆ ਹੈ ਅਤੇ ਉਸਨੇ ਸਭ ਕੁਝ ਗੁਆ ਦਿੱਤਾ ਹੈ। ਸਥਾਨਕ ਲੋਕਾਂ ਨੇ ਦੱਸਿਆ ਕਿ 30 ਜੂਨ ਦੀ ਰਾਤ ਨੂੰ ਨਿਕਿਤਾ ਦੀ ਮਾਂ, ਪਿਤਾ ਅਤੇ ਦਾਦੀ ਪਾਣੀ ਦੇ ਤੇਜ਼ ਵਹਾਅ ਨੂੰ ਘਰੋਂ ਨੂੰ ਦੂਰ ਮੋੜਨ ਲਈ ਬਾਹਰ ਗਏ ਸਨ। ਉਸ ਸਮੇਂ ਨਿਕਿਤਾ ਸੁੱਤੀ ਹੋਈ ਸੀ। ਪਰ ਪਾਣੀ ਦਾ ਵਹਾਅ ਅਚਾਨਕ ਤੇਜ਼ ਹੋ ਗਿਆ ਅਤੇ ਪਰਿਵਾਰ ਵਿੱਚ ਨਿਕਿਤਾ ਨੂੰ ਛੱਡ ਕੇ ਸਾਰੇ ਰੁੜ੍ਹ ਗਏ। ਪਿਆਲਾ ਪਿੰਡ ਦੀ 27 ਸਾਲਾ ਮਹੇਸ਼ਾ ਕੁਮਾਰੀ ਵੀ ਸਦਮੇ ਵਿੱਚ ਹੈ। ਇਸ ਮੀਂਹ ਕਾਰਨ ਆਏ ਭਾਰੀ ਹੜ੍ਹ ਵਿੱਚ ਉਨ੍ਹਾਂ ਦੀ ਵੱਡੀ ਭੈਣ, 32 ਸਾਲਾ ਕਾਂਤਾ ਦੇਵੀ ਅਤੇ ਉਨ੍ਹਾਂ ਦੀਆਂ ਤਿੰਨ ਧੀਆਂ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਈਆਂ ਹਨ। ਕੁੜੀਆਂ ਦੀ ਉਮਰ 11 ਸਾਲ, ਪੰਜ ਸਾਲ ਅਤੇ ਤਿੰਨ ਸਾਲ ਸੀ। ਮਹੇਸ਼ ਕੁਮਾਰੀ ਨੇ ਫ਼ੋਨ ’ਤੇ ਕਿਹਾ, ÷ਸਭ ਕੁਝ ਇੰਨੀ ਜਲਦੀ ਖ਼ਤਮ ਹੋ ਗਿਆ ਕਿ ਮੈਨੂੰ ਅਜੇ ਵੀ ਵਿਸ਼ਵਾਸ ਨਹੀਂ ਹੋ ਰਿਹਾ। ਮੇਰੀ ਭੈਣ ਦਾ ਘਰ ਮੇਰੇ ਘਰ ਤੋਂ ਸਿਰਫ਼ ਅੱਧਾ ਕਿਲੋਮੀਟਰ ਦੂਰ ਸੀ, ਪਰ ਹੁਣ ਉੱਥੇ ਜ਼ਿੰਦਗੀ ਦਾ ਕੋਈ ਨਿਸ਼ਾਨ ਨਹੀਂ ਬਚਿਆ ਹੈ।

**ਕਿਸੇ ਦੀ ਭੈਣ, ਕਿਸੇ ਦੀ ਮਾਂ ਪਾਣੀ ਵਿੱਚ ਰੁੜ੍ਹ ਗਈ**

ਮਹੇਸ਼ ਨੇ ਕਿਹਾ ਕਿ ਉਨ੍ਹਾਂ ਦੇ ਜੀਜਾ ਦਰਜ਼ੀ ਦਾ ਕੰਮ ਕਰਦੇ ਹਨ ਅਤੇ 30 ਜੂਨ ਨੂੰ ਕਿਸੇ ਕੰਮ ਲਈ ਆਪਣੇ ਪਿੰਡ ਮੁਰਾਹਲਾ ਗਏ ਸੀ। ਉਸ ਰਾਤ, ਕਾਂਤਾ ਦੇਵੀ ਆਪਣੀਆਂ ਤਿੰਨ ਧੀਆਂ ਨਾਲ ਘਰ ਸੀ। ਮਹੇਸ਼ ਨੇ ਕਿਹਾ, ÷ਅਚਾਨਕ, ਭਾਰੀ ਮੀਂਹ ਸ਼ੁਰੂ ਹੋ ਗਿਆ ਅਤੇ ਸਾਰਾ ਇਲਾਕਾ ਪਾਣੀ ਵਿੱਚ ਡੁੱਬ ਗਿਆ। ਮੈਂ ਅਤੇ ਮੇਰੇ ਮਾਤਾ-ਪਿਤਾ ਘਰ ਛੱਡ ਕੇ ਨੇੜੇ ਦੀ ਇੱਕ ਹੋਰ ਇਮਾਰਤ ਵਿੱਚ ਚਲੇ ਗਏ। ਸਾਨੂੰ ਘਟਨਾ ਬਾਰੇ ਉਦੋਂ ਪਤਾ ਲੱਗਾ ਜਦੋਂ ਪਿੰਡ ਵਾਸੀ ਸਵੇਰੇ ਸਾਡੀ ਭੈਣ ਅਤੇ ਉਸ ਦੀਆਂ ਧੀਆਂ ਨੂੰ ਲੱਭਦੇ ਹੋਏ ਸਾਡੇ ਘਰ ਆਏ। ਮਹੇਸ਼ ਨੇ ਰੋਂਦੇ ਹੋਏ ਕਿਹਾ, ÷ਰਾਤ ਨੂੰ ਘੋਰ ਹਨੇਰਾ ਸੀ ਅਤੇ ਅਸੀਂ ਇੰਨੇ ਡਰੇ ਹੋਏ ਸੀ ਕਿ ਸਾਨੂੰ ਉਸ ਸਮੇਂ ਸੁਰੱਖਿਅਤ ਜਗ ?ਹਾ ’ਤੇ ਜਾਣ ਤੋਂ ਇਲਾਵਾ ਹੋਰ ਕੁਝ ਨਹੀਂ ਸੁਝ ਰਿਹਾ ਸੀ। ਫੋਨ ਸਿਗਨਲ ਬੰਦ ਹੋ ਗਏ ਸਨ। ਮੇਰੀ ਭੈਣ ਸ਼ਾਇਦ ਆਪਣੀਆਂ ਤਿੰਨ ਧੀਆਂ ਨਾਲ ਘਰੋਂ ਨਹੀਂ ਨਿਕਲ ਸਕੀ ਸੀ। ਕਾਂਤਾ ਅਤੇ ਉਨ੍ਹਾਂ ਦੀਆਂ ਤਿੰਨ ਧੀਆਂ ਅਜੇ ਵੀ ਲਾਪਤਾ ਹਨ ਅਤੇ 11 ਦਿਨਾਂ ਦੀ ਭਾਲ ਵਿੱਚ ਹੁਣ ਤੱਕ ਕੋਈ ਸਫ਼ਲਤਾ ਨਹੀਂ ਮਿਲ ਸਕੀ ਹੈ। ਮਹੇਸ਼ ਕੁਮਾਰੀ ਨੇ ਦੱਸਿਆ, ÷ਸਾਡੇ ਪਿੰਡ ਦੀ 90 ਫੀਸਦ ਜ਼ਮੀਨ ਇਸ ਤਬਾਹੀ ਵਿੱਚ ਰੁੜ੍ਹ ਗਈ ਹੈ। ਸਾਡੇ ਪਿੰਡ ਦੇ 85-90 ਸਾਲ ਦੇ ਬਜ਼ੁਰਗਾਂ ਨੇ ਵੀ ਕਿਹਾ ਹੈ ਕਿ ਉਨ੍ਹਾਂ ਨੇ ਵੀ ਆਪਣੀ ਪੂਰੀ ਜ਼ਿੰਦਗੀ ਵਿੱਚ ਅਜਿਹੀ ਤਬਾਹੀ ਨਹੀਂ ਦੇਖੀ ਹੈ।

ਇਸ ਆਫ਼ਤ ਤੋਂ ਬਾਅਦ ਰਾਕਚੂਈ ਦੇ ਵੀਰੇਂਦਰ ਠਾਕੁਰ ਦੀ ਮਾਂ ਲਾਪਤਾ ਹੈ। ਵੀਰੇਂਦਰ ਨੇ ਕਿਹਾ, ਅਸੀਂ ਸਾਰੇ ਸੁੱਤੇ ਹੋਏ ਸੀ। ਅਚਾਨਕ ਮੈਨੂੰ ਭੂਚਾਲ ਵਰਗਾ ਕੁਝ ਮਹਿਸੂਸ ਹੋਇਆ ਅਤੇ ਮੈਂ ਜਾਗ ਗਿਆ। ਬਾਹਰ ਦਾ ਦ੍ਰਿਸ਼ ਦੇਖ ਕੇ ਮੈਂ ਡਰ ਲੱਗ ਰਿਹਾ ਸੀ। ਭਾਰੀ ਬਾਰਿਸ਼ ਦੇ ਵਿਚਕਾਰ, ਮੇਰੇ ਘਰ ਦੇ ਨੇੜੇ ਬਹੁਤ ਸਾਰਾ ਪਾਣੀ ਅਤੇ ਚੱਟਾਨਾਂ ਰੁੜ੍ਹ ਰਹੀਆਂ ਸਨ। ਮੈਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਬਾਹਰ ਆਉਣ ਲਈ ਕਿਹਾ ਅਤੇ ਅਸੀਂ ਨੱਕੋ-ਨੱਕ ਭਰੇ ਨਾਲਿਆਂ ਤੋਂ ਬਚਣ ਲਈ ਕਿਸੇ ਹੋਰ ਜਗ ?ਹਾ ਚਲੇ ਗਏ। ਹਾਲਾਂਕਿ, ਮੇਰੀ ਮਾਂ ਜੋ ਰਸੋਈ ਵਿੱਚ ਸੁੱਤੀ ਹੋਈ ਸੀ, ਇਸ ਬਾਰਿਸ਼ ਵਿੱਚ ਰੁੜ੍ਹ ਗਈ। ਵੀਰੇਂਦਰ ਠਾਕੁਰ ਨੇ ਹਾਲ ਹੀ ਵਿੱਚ ਬੈਂਕ ਤੋਂ ਕਰਜ਼ਾ ਲਿਆ ਸੀ ਅਤੇ ਇੱਕ ਸੇਬ ਦਾ ਬਾਗ਼ ਲਗਾਇਆ ਸੀ, ਜੋ ਇਸ ਬਾਰਿਸ਼ ਵਿੱਚ ਪੂਰੀ ਤਰ੍ਹਾਂ ਤਬਾਹ ਹੋ ਗਿਆ। ਉਨ੍ਹਾਂ ਦੀ 10 ਵਿੱਘੇ ਜ਼ਮੀਨ ਦਾ ਇੱਕ ਵੱਡਾ ਹਿੱਸਾ ਇਸ ਪਾਣੀ ਵਿੱਚ ਰੁੜ੍ਹ ਗਿਆ ਹੈ ਅਤੇ ਉਨ੍ਹਾਂ ਦੇ ਘਰ ਨੂੰ ਵੀ ਬਹੁਤ ਨੁਕਸਾਨ ਹੋਇਆ ਹੈ। ਵੀਰੇਂਦਰ ਨੇ ਕਿਹਾ ਕਿ ਸੇਬ ਦੀ ਜੋ ਵੀ ਛੋਟੀ ਜਿਹੀ ਫ਼ਸਲ ਬਚੀ ਹੈ ਉਸ ਨੂੰ ਸਮੇਂ ਸਿਰ ਮੰਡੀ ਵਿੱਚ ਲੈ ਕੇ ਜਾਣ ਲਈ ਜਲਦੀ ਸੜਕ ਬਣਾਉਣਾ ਮਹੱਤਵਪੂਰਨ ਹੈ।

**ਕਈ ਇਲਾਕਿਆਂ ਨਾਲ ਸੰਪਰਕ ਅਜੇ ਵੀ ਟੁੱਟਿਆ ਹੋਇਆ ਹੈ**

ਜ਼ਿਲ੍ਹਾ ਪ੍ਰਸ਼ਾਸਨ ਦੇ ਅੰਕੜਿਆਂ ਅਨੁਸਾਰ, ਸੇਰਾਜ ਖੇਤਰ ਅਤੇ ਆਲੇ-ਦੁਆਲੇ ਬੱਦਲ ਫਟਣ ਦੀਆਂ 14 ਘਟਨਾਵਾਂ ਵਿੱਚ 15 ਲੋਕਾਂ ਦੀ ਮੌਤ ਹੋ ਗਈ ਹੈ ਅਤੇ 27 ਲਾਪਤਾ ਹਨ। ਇਨ੍ਹਾਂ ਵਿੱਚੋਂ 11 ਲੋਕ ਪਖਰੇਲ ਪੰਚਾਇਤ ਦੇ ਦੇਜ਼ੀ ਪਿੰਡ ਦੇ ਹਨ। ਸੇਰਾਜ ਘਾਟੀ ਦੇ ਸਥਾਨਕ ਲੋਕਾਂ ਨੇ ਕਿਹਾ ਕਿ ਇਹ ਕਦੇ ਹਰੀ-ਭਰੀ ਰਹੀ ਇਹ ਘਾਟੀ ਹੁਣ ਤਬਾਹੀ ਦੀ ਤਸਵੀਰ ਵਿੱਚ ਬਦਲ ਗਈ ਹੈ। ਮਲਬਾ, ਜੜ੍ਹੋਂ ਉਖੜੇ ਦਰੱਖਤ ਹਰ ਪਾਸੇ ਖਿੰਡੇ ਹੋਏ ਹਨ ਅਤੇ ਕੁਝ ਥਾਵਾਂ ’ਤੇ ਵਿਕਾਸ ਦਾ ਕੋਈ ਨਾਮੋ-ਨਿਸ਼ਾਨ ਨਹੀਂ ਬਚਿਆ ਹੈ। ਇਲਾਕੇ ਦੇ ਘਰ ਅਤੇ ਜ਼ਮੀਨ ਪਾਣੀ ਦੇ ਤੇਜ਼ ਵਹਾਅ ਵਿੱਚ ਵਹਿ ਗਏ ਹਨ, ਹੋਰ ਥਾਵਾਂ ਨਾਲ ਸੜਕ ਸੰਪਰਕ ਟੁੱਟ ਗਿਆ ਹੈ। ਇੱਥੇ ਫ਼ੋਨ, ਬਿਜਲੀ ਅਤੇ ਪਾਣੀ ਦੀ ਸਪਲਾਈ ਠੱਪ ਹੋ ਗਈ ਹੈ। ਸੇਰਾਜ ਘਾਟੀ ਦੇ ਕਈ ਹਿੱਸੇ ਅੰਦਰੋਂ ਕੱਟੇ ਗਏ ਹਨ, ਜਿਨ੍ਹਾਂ ਵਿੱਚੋਂ ਥੁਨਾਗ, ਬਾਗਸਯਾਦ ਅਤੇ ਜੰਜੇਲੀ ਖੇਤਰ ਸਭ ਤੋਂ ਵੱਧ ਪ੍ਰਭਾਵਿਤ ਹਨ। ਕੁਝ ਦਿਨ ਪਹਿਲਾਂ, ਥੁਨਾਗ ਨਾਲ ਸੜਕ ਸੰਪਰਕ ਬਹਾਲ ਕੀਤਾ ਗਿਆ ਹੈ, ਜਿਸ ਕਾਰਨਸੂਬਾ ਸਰਕਾਰ ਨੂੰ ਰਾਹਤ ਅਤੇ ਪੁਨਰਵਾਸ ਦੇ ਕੰਮ ਨੂੰ ਅੱਗੇ ਵਧਾਉਣ ਵਿੱਚ ਮਦਦ ਮਿਲੀ ਹੈ। ਇਲਾਕੇ ਵਿੱਚ ਮੁੱਖ ਤੌਰ @ਤੇ ਪ੍ਰਭਾਵਿਤ ਲੋਕਾਂ ਲਈ ਪ੍ਰਸ਼ਾਸਨ ਵੱਲੋਂ ਰਾਸ਼ਨ, ਕੰਬਲ ਅਤੇ ਹੋਰ ਜ਼ਰੂਰਤਾਂ ਦੀ ਵਿਵਸਥਾ ਕੀਤੀ ਗਈ ਹੈ। ਸੇਰਾਜ ਘਾਟੀ ਦੇ ਜ਼ਿਆਦਾਤਰ ਲੋਕ ਕਿਸਾਨ, ਮਾਲੀ ਜਾਂ ਹੁਨਰਮੰਦ ਮਜ਼ਦੂਰ ਹਨ। ਇੱਥੇ ਕੁਝ ਲੋਕ ਸਰਕਾਰੀ ਨੌਕਰੀਆਂ ਵਿੱਚ ਵੀ ਹਨ। ਇਸ ਦੂਰ-ਦੁਰਾਡੇ ਖੇਤਰ ਵਿੱਚ ਉਨ੍ਹਾਂ ਦਾ ਜੀਵਨ ਪਹਿਲਾਂ ਹੀ ਮੁਸ਼ਕਲਾਂ ਨਾਲ ਭਰਿਆ ਹੋਇਆ ਸੀ। ਜ਼ਿਆਦਾਤਰ ਲੋਕਾਂ ਦੇ ਘਰ ਜਾਂ ਤਾਂ ਵਹਿ ਗਏ ਹਨ, ਬੁਰੀ ਤਰ੍ਹਾਂ ਨੁਕਸਾਨੇ ਗਏ ਹਨ ਜਾਂ ਰਹਿਣ ਲਈ ਅਸੁਰੱਖਿਅਤ ਹੋ ਗਏ ਹਨ। ਇਸ ਲਈ, ਉਨ੍ਹਾਂ ਨੂੰ ਹੋਰ ਇਮਾਰਤਾਂ, ਰੈਸਟ ਹਾਊਸਾਂ ਅਤੇ ਸਕੂਲਾਂ ਵਿੱਚ ਸ਼ਰਨ ਲੈਣੀ ਪੈ ਰਹੀ ਹੈ। ਇੱਕ ਹੀ ਰਾਤ ਵਿੱਚ ਬੱਦਲ ਫਟਣ ਦੀਆਂ ਕਈ ਘਟਨਾਵਾਂ ਨੇ ਨਾ ਸਿਰਫ਼ ਜਾਨ-ਮਾਲ ਦਾ ਨੁਕਸਾਨ ਕੀਤਾ ਹੈ, ਸਗੋਂ ਉਨ੍ਹਾਂ ਦੀ ਜ਼ਿੰਦਗੀ ਨੂੰ ਵੀ ਪੂਰੀ ਤਰ੍ਹਾਂ ਵਿਗਾੜ ਦਿੱਤਾ ਹੈ। ਸਥਿਤੀ ਨੂੰ ਦੇਖਦੇ ਹੋਏ ਲੱਗਦਾ ਹੈ ਕਿ ਇਨ੍ਹਾਂ ਲੋਕਾਂ ਦੀ ਜ਼ਿੰਦਗੀ ਨੂੰ ਆਮ ਵਾਂਗ ਹੋਣ ਵਿੱਚ ਬਹੁਤ ਸਮਾਂ ਲੱਗੇਗਾ। ਜ਼ਿਲ੍ਹਾ ਪ੍ਰਸ਼ਾਸਨ, ਰਾਜ ਆਫ਼ਤ ਪ੍ਰਬੰਧਨ ਅਥਾਰਟੀ (ਐੱਸਡੀਐੱਮਏ), ਐੱਨਡੀਆਰਐੱਫ, ਐੱਸਡੀਆਰਐੱਫ, ਸਥਾਨਕ ਪੁਲਿਸ ਅਤੇ ਇੱਥੋਂ ਤੱਕ ਕਿ ਪਿੰਡਾਂ ਦੇ ਸਥਾਨਕ ਵਲੰਟੀਅਰ ਵੀ ਬਚਾਅ, ਰਾਹਤ ਅਤੇ ਪੁਨਰਵਾਸ ਕਾਰਜਾਂ ਵਿੱਚ ਲੱਗੇ ਹੋਏ ਹਨ। ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਰਾਹਤ ਸਮੱਗਰੀ ਪਹੁੰਚਾਉਣਾ ਅਜੇ ਵੀ ਮੁਸ਼ਕਲ ਹੈ, ਜ਼ਿਲ੍ਹਾ ਅਧਿਕਾਰੀ ਖੱਚਰਾਂ ਦੀ ਮਦਦ ਲੈ ਰਹੇ ਹਨ।

**ਸੂਬਾ ਅਤੇ ਕੇਂਦਰ ਸਰਕਾਰ ਵੱਲੋਂ ਮਦਦ ਦਾ ਭਰੋਸਾ**

ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਦੂਜੀ ਵਾਰ ਸੇਰਾਜ ਦੇ ਮੀਂਹ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਸਥਾਨਕ ਲੋਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਨੇ ਬੁੱਧਵਾਰ ਨੂੰ ਵਿਰੋਧੀ ਧਿਰ ਦੇ ਨੇਤਾ ਜੈ ਰਾਮ ਠਾਕੁਰ ਨਾਲ ਸੇਰਾਜ ਘਾਟੀ ਦੇ ਥੁਨਾਗ ਖੇਤਰ ਵਿੱਚ ਹੋਏ ਨੁਕਸਾਨ ਦਾ ਜਾਇਜ਼ਾ ਵੀ ਲਿਆ। ਮੁੱਖ ਮੰਤਰੀ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ, ਬੇਘਰਾਂ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਤੋਂ ਬਾਅਦ, ਉਨ੍ਹਾਂ ਦੇ ਜੀਵਨ ਨੂੰ ਪਟੜੀ ’ਤੇ ਲਿਆਉਣ ਦੇ ਨਾਲ-ਨਾਲ ਖੇਤਰ ਵਿੱਚ ਬੁਨਿਆਦੀ ਸਹੂਲਤਾਂ ਨੂੰ ਬਹਾਲ ਕਰਨ ਲਈ ਹਰ ਸੰਭਵ ਮਦਦ ਪ੍ਰਦਾਨ ਕਰੇਗੀ। ਸੁੱਖੂ ਨੇ ਲੋਕਾਂ ਨੂੰ ਕਿਹਾ ਕਿ ਆਪਣਾ ਘਰ ਨਾਲਿਆਂ ਤੋਂ ਦੂਰ ਅਤੇ ਸੁਰੱਖਿਅਤ ਥਾਵਾਂ ’ਤੇ ਬਣਾਉਣ। ਉਨ੍ਹਾਂ ਕਿਹਾ, ਇਸ ਖੇਤਰ ਦੇ ਜ਼ਿਆਦਾਤਰ ਲੋਕਾਂ ਦੀ ਜ਼ਮੀਨ ਰੁੜ੍ਹ ਗਈ ਹੈ। ਮੈਂ ਭਾਜਪਾ ਸੰਸਦ ਮੈਂਬਰਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਕੇਂਦਰ ਸਰਕਾਰ ਤੋਂ ਲੋਕਾਂ ਦੇ ਮੁੜ ਵਸੇਬੇ ਲਈ ਜੰਗਲਾਤ ਜ਼ਮੀਨ ਮੁਹੱਈਆ ਕਰਵਾਉਣ ਦੀ ਮੰਗ ਵਿੱਚ ਸੂਬਾ ਸਰਕਾਰ ਦਾ ਸਮਰਥਨ ਕਰਨ। ਇਸ ਦੌਰਾਨ, ਕੇਂਦਰੀ ਮੰਤਰੀ ਅਤੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇਪੀ ਨੱਡਾ, ਜੋ ਕਿ ਹਿਮਾਚਲ ਪ੍ਰਦੇਸ਼ ਤੋਂ ਹਨ, ਨੇ ਵੀ ਸੇਰਾਜ ਦੇ ਪ੍ਰਭਾਵਿਤ ਖੇਤਰਾਂ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਲੋਕਾਂ ਦੀ ਰਾਹਤ ਅਤੇ ਪੁਨਰਵਾਸ ਲਈ ਕੇਂਦਰ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ।

## ਸਾਨੂੰ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨੀ ਪਵੇਗੀ

ਪਖਰੈਲ ਪੰਚਾਇਤ ਦੇ ਇੱਕ ਸਮਾਜਿਕ ਕਾਰਕੁਨ ਅਤੇ ਕਿਸਾਨ ਅੱਛਰ ਸਿੰਘ ਨੇ ਕਿਹਾ, ÷ਸਾਨੂੰ ਆਪਣੇ ਫ਼ੋਨ ਅਤੇ ਪਾਵਰ ਬੈਂਕ ਚਾਰਜ ਕਰਨ ਲਈ ਥੁਨਾਗ ਪਹੁੰਚਣ ਲਈ ਛੇ ਤੋਂ ਸੱਤ ਕਿਲੋਮੀਟਰ ਤੁਰਨਾ ਪੈ ਰਿਹਾ ਹੈ। ਅਸੀਂ ਬਿਜਲੀ ਅਤੇ ਪਾਣੀ ਤੋਂ ਬਿਨਾਂ ਮੁਸ਼ਕਿਲ ਨਾਲ ਗੁਜ਼ਾਰਾ ਕਰ ਰਹੇ ਹਾਂ। ਉਹ ਕਹਿੰਦੇ ਹਨ, ÷ਜ਼ਿਆਦਾਤਰ ਲੋਕਾਂ ਨੇ ਆਪਣੇ ਘਰ, ਆਪਣਾ ਸਮਾਨ ਅਤੇ ਰੁਜ਼ਗਾਰ ਗੁਆ ਦਿੱਤੇ ਹਨ। ਉਨ੍ਹਾਂ ਦੀ ਜ਼ਮੀਨ ਰੁੜ੍ਹ ਗਈ ਹੈ। ਜ਼ਿਆਦਾਤਰ ਲੋਕਾਂ ਨੂੰ ਹੁਣ ਆਪਣੀ ਜ਼ਿੰਦਗੀ ਨਵੇਂ ਸਿਰੇ ਤੋਂ ਸ਼ੁਰੂ ਕਰਨੀ ਪਵੇਗੀ।÷ ਪਰ ਆਫ਼ਤ ਨੇ ਇੱਥੇ ਭਾਈਚਾਰਕ ਸਾਂਝ ਵੀ ਸਾਹਮਣੇ ਆਈ ਹੈ। ਲੋਕ ਨਾ ਸਿਰਫ਼ ਸੁਰੱਖਿਅਤ ਥਾਵਾਂ ’ਤੇ ਇੱਕ ਦੂਜੇ ਦੀ ਮਦਦ ਕਰ ਰਹੇ ਹਨ, ਸਗੋਂ ਮੁਰੰਮਤ ਦੇ ਕੰਮ ਲਈ ਸਵੈ-ਇੱਛਾ ਨਾਲ ਵੀ ਕੰਮ ਕਰ ਰਹੇ ਹਨ। ਬੜਯੋਗੀ ਪਿੰਡ (ਜੰਜੈਲੀ ਦੇ ਹੇਠਾਂ) ਦੀ ਇੱਕ ਕਿਸਾਨ ਹਿਮਾ ਦੇਵੀ ਨੇ ਦੱਸਿਆ, ÷ਸਾਡੇ ਪਿੰਡ ਨੂੰ ਵੀ ਨੁਕਸਾਨ ਹੋਇਆ ਹੈ। ਇੱਥੇ ਕਿਸੇ ਦੀ ਮੌਤ ਤਾਂ ਨਹੀਂ ਹੋਈ ਪਰ ਪਾਣੀ ਦੀਆਂ ਪਾਈਪਾਂ ਅਤੇ ਫੁੱਟਬ੍ਰਿਜ ਰੁੜ੍ਹ ਗਏ ਹਨ। ਪਿੰਡ ਵਾਸੀ ਆਈਪੀਐੱਚ (ਜਨ ਸਿਹਤ) ਵਿਭਾਗ ਅਤੇ ਹੋਰ ਸਰਕਾਰੀ ਕਰਮਚਾਰੀਆਂ ਦੀ ਮਦਦ ਕਰ ਰਹੇ ਹਨ। ਉਨ੍ਹਾਂ ਨੇ ਦੱਸਿਆ ਹੈ ਕਿ ਜੰਜੈਲੀ ਘਾਟੀ ਵਿੱਚ ਅਜੇ ਵੀ ਸੜਕ ਸੰਪਰਕ ਦੀ ਦਿੱਕਤ ਹੈ। ਉਹ ਕਹਿੰਦੇ ਹਨ, ÷ਇਸ ਹਫ਼ਤੇ ਇੱਕ ਵਾਰ, ਮੈਂ ਕੁਝ ਸਕਿੰਟਾਂ ਲਈ ਇੱਕ ਰਿਸ਼ਤੇਦਾਰ ਨਾਲ ਗੱਲ ਕਰਨ ਦੇ ਯੋਗ ਸੀ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਬਿਜਲੀ ਅਤੇ ਨੈੱਟਵਰਕ ਸਮੱਸਿਆਵਾਂ ਕਾਰਨ ਫ਼ੋਨ ਕੰਮ ਨਹੀਂ ਕਰ ਰਹੇ ਸਨ। ਹਿਮਾ ਦੇਵੀ ਨੇ ਕਿਹਾ ਕਿ ਉਹ ਬਾਗਸਯਾਦ ਦੇ ਸ਼ਰਨ ਪਿੰਡ ਬਾਰੇ ਸੋਚ ਕੇ ਬਹੁਤ ਦੁਖੀ ਹਨ, ਜਿੱਥੇ ਉਹ ਪਲੀ-ਵੱਡੀ ਹੋਈ ਸੀ। ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਪਤਾ ਲੱਗਾ ਕਿ ਇਸ ਆਫ਼ਤ ਵਿੱਚ ਸ਼ਰਨ ਦੀ ਸੁੰਦਰ ਸਮਤਲ ਜ਼ਮੀਨ ਪੂਰੀ ਤਰ੍ਹਾਂ ਤਬਾਹ ਹੋ ਗਈ ਸੀ।



# Preetnama

ਪ੍ਰੀਤਨਾਮਾ

ਖਰਾ ਸੱਚ

Khara Sach

On our English language New Website

WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025





# ਬੇਅਦਬੀ ਸਬੰਧੀ ਬਿੱਲ ਦਾ ਪ੍ਰਸਤਾਵ ਪੰਜਾਬ ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਪਾਸ, ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸਣੇ ਕੀ ਕੁਝ ਕੀਤਾ ਗਿਆ ਸ਼ਾਮਲ

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਬੇਅਦਬੀ ਸਬੰਧੀ ਪੇਸ਼ ਕੀਤਾ ਗਿਆ ਬਿੱਲ ਸਰਬਸੰਮਤੀ ਨਾਲ ਪਾਸ ਹੋ ਗਿਆ ਹੈ। ਹੁਣ ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿਲ 2025 ਵਿਧਾਨ ਸਭਾ ਦੀ ਸਲੈਕਟ ਕਮੇਟੀ ਨੂੰ ਸੌਂਪਿਆ ਜਾਵੇਗਾ। ਕਮੇਟੀ ਦਾ ਗਠਨ ਵਿਧਾਨ ਸਭਾ ਵੱਲੋਂ ਕੀਤਾ ਜਾਵੇਗਾ। ਇਹ ਜਾਂਚ ਕਮੇਟੀ ਛੇ ਮਹੀਨਿਆਂ ਦੇ ਅੰਦਰ-ਅੰਦਰ ਆਪਣੀ ਰਿਪੋਰਟ ਸੌਂਪੇਗੀ। ਇਸ ਤੋਂ ਪਹਿਲਾਂ ਸੋਮਵਾਰ ਨੂੰ ਮੁੱਖ ਮੰਤਰੀ ਦੀ ਰਿਹਾਇਸ਼ @ਤੇ ਹੋਈ ਪੰਜਾਬ ਕੈਬਨਿਟ ਦੀ ਬੈਠਕ ਵਿੱਚ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ-2025' ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਾਲ 2015 ਤੋਂ ਬਾਅਦ ਤੀਜੀ ਅਜਿਹੀ ਸੂਬਾ ਸਰਕਾਰ ਹੈ, ਜਿਸ ਨੇ ਪਵਿੱਤਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਸਬੰਧੀ ਮਾਮਲਿਆਂ ਲਈ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਨਵਾਂ ਕਾਨੂੰਨ ਬਣਾਉਣ ਦੀ ਤਿਆਰੀ ਕੀਤੀ।



**ਬਿੱਲ ਦੇ ਖਰੜੇ ਵਿੱਚ ਕੀ-ਕੀ ਹੈ**

ਬਿੱਲ ਦੇ ਖਰੜੇ ਮੁਤਾਬਕ, ?ਪਵਿੱਤਰ ਗ੍ਰੰਥ@ ਤੋਂ ਉਨ੍ਹਾਂ ਦਾ ਮਤਲਬ ਹੈ ਕਿ ਕੋਈ ਵੀ ਗ੍ਰੰਥ ਜਿਸ ਨੂੰ ਸਬੰਧਤ ਧਾਰਮਿਕ ਸੰਪ੍ਰਦਾਵਾਂ ਵੱਲੋਂ ਪਵਿੱਤਰ ਅਤੇ ਸੁੱਚਾ ਮੰਨਿਆ ਜਾਂਦਾ ਹੈ। ਇਸ ਵਿੱਚ ਗੁਰੂ ਗ੍ਰੰਥ ਸਾਹਿਬ ਜਾਂ ਉਸ ਦੇ ਭਾਗ ਜਿਸ ਵਿੱਚ ਪੋਥੀਆਂ ਅਤੇ ਗੁਟਕਾ ਸਾਹਿਬ, ਸ੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ਼ ਅਤੇ ਪਵਿੱਤਰ ਬਾਈਬਲ ਸ਼ਾਮਲ ਹੋ ਸਕਦੇ ਹਨ। ਇਸ ਦੇ ਤਹਿਤ ?ਅਪਰਾਧ@ ਤੋਂ ਭਾਵ ਹੈ ਕਿਸੇ ਵੀ ਧਾਰਮਿਕ ਗ੍ਰੰਥ ਜਾਂ ਉਸ ਦੇ ਭਾਗ ਦੀ ਕੋਈ ਬੇਅਦਬੀ, ਨੁਕਸਾਨ, ਤਬਾਹੀ, ਰੂਪ ਵਿਗਾੜਨਾ, ਕਰੂਪ ਕਰਨਾ, ਰੰਗ ਉਤਾਰਨਾ, ਗੰਦਾ ਕਰਨਾ, ਗਾਲਣਾ, ਸਾੜਨਾ, ਤੋੜਨਾ ਜਾਂ ਪਾੜਨਾ ਸ਼ਾਮਲ ਹੈ।

**ਬੇਅਦਬੀ ਦਾ ਮੁੱਦਾ ਇੰਨਾ ਅਹਿਮ ਕਿਉਂ**

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪੰਜਾਬ ਲਈ ਭਾਵਨਾਤਮਕ ਅਤੇ ਸਿਆਸੀ ਮੁੱਦਾ ਹੈ। ਸਿੱਖ ਧਰਮ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਜੀਵਤ ਗੁਰੂ ਮੰਨਿਆ ਜਾਂਦਾ ਹੈ। ਇਸ ਲਈ ਉਨ੍ਹਾਂ ਖ਼ ?ਲਾਫ਼ ਕਿਸੇ ਵੀ ਤਰ੍ਹਾਂ ਦੀ ਬੇਅਦਬੀ ਦੀ ਘਟਨਾ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਲਿਆ ਜਾਂਦਾ ਹੈ। 2017 ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਹ ਮੁੱਦਾ ਸਭ ਤੋਂ ਅਹਿਮ ਰਿਹਾ ਹੈ। ਦਰਅਸਲ ਅਕਤੂਬਰ 2015 ਵਿੱਚ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਬਰਗਾੜੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਘਟਨਾ ਨੇ ਸੂਬੇ ਦੇ ਰਾਜਨੀਤਿਕ ਬਿਰਤਾਂਤ ਨੂੰ ਬਦਲ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਖੁਦ ਨੂੰ ਸਿੱਖਾਂ ਦੀ ਨੁਮਾਇੰਦਾ ਸਿਆਸੀ ਜਮਾਤ ਵਜੋਂ ਪੇਸ਼ ਕਰਦਾ ਹੈ, ਇਸ ਲਈ ਉਨ੍ਹਾਂ ਦੇ ਰਾਜ ਵਿੱਚ ਬੇਅਦਬੀ ਦੀਆਂ ਘਟਨਾਵਾਂ ਹੋਣੀਆਂ ਅਤੇ ਇਨਸਾਫ਼ ਲਈ ਲੜ ਰਹੇ ਲੋਕਾਂ ਉਤੇ ਗੋਲੀਬਾਰੀ ਹੋਣ ਦੀ ਘਟਨਾ ਨੇ ਅਕਾਲੀ ਦਲ ਖ਼ ?ਲਾਫ਼ ਸਿਆਸੀ ਹਵਾ ਦਾ ਰੁਖ ਬਦਲ ਦਿੱਤਾ। ਪੰਜਾਬ ਵਿੱਚ ਇਹ ਪ੍ਰਭਾਵ ਗਿਆ ਕਿ ਸਿੱਖਾਂ ਦੀ ਪਾਰਟੀ ਦੇ ਰਾਜ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਅਤੇ ਸਿੱਖਾਂ ਨੂੰ ਅਕਾਲੀ ਦਲ ਇਨਸਾਫ ਨਹੀਂ ਦੁਆ ਸਕੀ। ਇਹ ਅਕਾਲੀ ਦਲ ਲਈ ਇੱਕ ਵੱਡਾ ਸਿਆਸੀ ਝਟਕਾ ਸੀ ਅਤੇ ਉਹ ਸਿਆਸੀ ਤੌਰ ਉਤੇ ਹਸ਼ੀਏ 'ਤੇ ਆ ਗਈ। ਇਸ ਤੋਂ ਉਭਰਨ ਲਈ ਉਹ ਅਜੇ ਵੀ ਸੰਘਰਸ਼ ਕਰ ਰਹੀ ਹੈ। 2017 ਤੋਂ ਲੈ ਕੇ ਹੁਣ ਤੱਕ ਪੰਜਾਬ ਦੀ ਹਰ ਸਰਕਾਰ ਨੇ ਬੇਅਦਬੀ ਲਈ ਸਖ਼ਤ ਸਜ਼ਾ ਦੇਣ ਵਾਲਾ ਕਾਨੂੰਨ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਸਬੰਧ ਵਿੱਚ ਹੁਣ ਇੱਕ ਹੋਰ ਨਵੀਂ ਕੋਸ਼ਿਸ ਹੋ ਰਹੀ ਹੈ।

**ਅਕਾਲੀ ਸਰਕਾਰ ਸਮੇਂ ਪਾਸ ਕੀਤਾ ਕਾਨੂੰਨ ਕਿਉਂ ਨਹੀਂ ਹੋਇਆ ਪ੍ਰਵਾਨ**

ਮਾਰਚ 2016 ਵਿੱਚ ਤਤਕਾਲੀ ਸ਼ ?ਰੋਮਣੀ ਅਕਾਲੀ ਦਲ-ਬੀਜੇਪੀ ਸਰਕਾਰ ਨੇ ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ, 2016 ਅਤੇ ਅਪਰਾਧਿਕ ਪ੍ਰਕਿਰਿਆ ਸੰਹਿਤਾ (ਪੰਜਾਬ ਸੋਧ) ਬਿੱਲ 2016 ਪਾਸ ਕੀਤਾ ਸੀ, ਜਿਸ ਵਿੱਚ ਸਿਰਫ਼ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਉਮਰ ਕੈਦ ਦੀ ਸਜ਼ਾ ਦੀ ਸਿਫ਼ਾਰਸ਼ ਕੀਤੀ ਗਈ ਸੀ। ਸ਼ ?ਰੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਕਾਨੂੰਨੀ ਮਾਹਰ ਅਰਸ਼ਦੀਪ ਸਿੰਘ ਕਲੇਰ ਦਾ ਕਹਿਣਾ ਹੈ ਕਿ ਮਾਰਚ 2016 ਵਿੱਚ ਉਸ ਸਮੇਂ ਦੀ ਅਕਾਲੀ ਸਰਕਾਰ ਨੇ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਸੱਦ ਕੇ ਆਈ.ਪੀ.ਸੀ ਦੀ ਧਾਰਾ 295 ਏ ਵਿੱਚ ਸੋਧ ਕਰਕੇ 295 ਏ ਏ ਕਰਨ ਅਤੇ ਦੋ ਸਾਲ ਦੀ ਸਜ਼ਾ ਨੂੰ ਦਸ ਸਾਲ ਤੱਕ ਕਰਨ ਦੀ ਤਜਵੀਜ਼ ਰੱਖੀ ਸੀ। ਕਲੇਰ ਦਾ ਕਹਿਣਾ ਹੈ ਕਿ ਦੋਵੇਂ ਬਿੱਲ ਪਾਸ ਕਰਕੇ ਕੇਂਦਰ ਸਰਕਾਰ ਨੂੰ ਅੰਤਿਮ ਪ੍ਰਵਾਨਗੀ ਲਈ ਭੇਜੇ ਗਏ ਸਨ ਪਰ ਕੇਂਦਰ ਨੇ ਇਨ੍ਹਾਂ ਬਿੱਲਾਂ ਨੂੰ ਕੁਝ ਜ਼ਰੂਰੀ ਸੋਧ ਲਈ ਫਿਰ ਤੋਂ ਪੰਜਾਬ ਸਰਕਾਰ ਨੂੰ ਭੇਜ ਦਿੱਤਾ। "ਉਦੋਂ ਤੱਕ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਆ ਚੁੱਕੀ ਸੀ, ਜਿਸ ਕਾਰਨ ਅਕਾਲੀ ਸਰਕਾਰ ਵਲੋਂ ਪਾਸ ਕਾਨੂੰਨ ਅੰਤਿਮ ਪੜਾਅ ਤੱਕ ਨਹੀਂ ਪਹੁੰਚ ਸਕੇ।" ਕੇਂਦਰ ਨੇ ਬਿੱਲ ਇਹ ਕਹਿੰਦੇ ਹੋਏ ਵਾਪਸ ਕਰ ਦਿੱਤੇ ਸਨ ਕਿ ÷ਸੰਵਿਧਾਨ ਦੇ ਧਰਮ ਨਿਰਪੱਖ ਹੋਣ ਕਾਰਨ ਸਾਰੇ ਧਰਮਾਂ ਨਾਲ ਬਰਾਬਰ ਵਿਵਹਾਰ ਕਰਨ ਦੀ ਲੋੜ ਹੈ ਅਤੇ ਪੰਜਾਬ ਸਰਕਾਰ ਜਾਂ ਤਾਂ ਬਿੱਲ ਵਾਪਸ ਲਵੇ ਜਾਂ ਪ੍ਰਸਤਾਵਿਤ ਸੋਧ ਵਿੱਚ ਸਾਰੇ ਧਰਮਾਂ ਨੂੰ ਸ਼ਾਮਲ ਕਰੇ। ਅਰਸ਼ਦੀਪ ਸਿੰਘ ਕਲੇਰ ਦਾ ਕਹਿਣਾ ਹੈ, ÷ਬੇਅਦਬੀ ਦੇ ਖ਼ ?ਲਾਫ਼ ਸਖਤ ਕਾਨੂੰਨ ਬਣਨਾ ਚਾਹੀਦਾ ਹੈ ਪਰ ਇਹ ਵਿਧਾਨ ਸਭਾ ਦੇ ਸੈਸ਼ਨ ਤੱਕ ਹੀ ਨਹੀਂ ਸਗੋਂ ਇਸ ਨੂੰ ਕੇਂਦਰ ਦੀ ਪ੍ਰਵਾਨਗੀ ਵੀ ਮਿਲਣੀ ਜ਼ਰੂਰੀ ਹੈ।÷ ਅਕਾਲੀ ਸਰਕਾਰ ਦੇ ਸੱਤਾ ਤੋਂ ਲਾਂਭੇ ਹੋਣ ਤੋਂ ਕਰੀਬ ਇੱਕ ਸਾਲ ਬਾਅਦ ਸੂਬੇ ਦੀ ਨਵੀਂ ਕੈਪਟਨ ਅਮਰਿੰਦਰ ਸਰਕਾਰ ਨੇ ਇਸ ਕਾਨੂੰਨ ਨੂੰ ਕੇਂਦਰੀ ਸਲਾਹ ਮੁਤਾਬਕ ਸੋਧਿਆ ਅਤੇ ਨਵਾਂ ਬਿੱਲ ਵਿਧਾਨ ਸਭਾ ਵਿੱਚ ਪਾਸ ਕਰਵਾਇਆ।

**ਕਾਂਗਰਸ ਸਰਕਾਰ ਵੱਲੋਂ ਪਾਸ ਕਾਨੂੰਨ ਵਿੱਚ ਕਿਹੜੀ ਅੜਚਨ ਆਈ**

2018 ਵਿੱਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਵੱਲੋਂ ਬੇਅਦਬੀ ਦੇ ਅਪਰਾਧਾਂ ਵਿਰੁੱਧ ਸਖ਼ਤ ਸਜ਼ਾ ਦੀ ਵਿਵਸਥਾ ਕਰਨ ਵਾਲੇ ਦੋ ਬਿੱਲ ਪਾਸ ਕੀਤੇ ਗਏ ਸਨ ਪਰ ਇਨ੍ਹਾਂ ਦੋਵਾਂ ਬਿੱਲਾਂ ਨੂੰ ਹੀ ਰਾਸ਼ਟਰਪਤੀ ਦੀ ਮਨਜ਼ੂਰੀ ਨਹੀਂ ਮਿਲ ਸਕੀ ਸੀ। ਕਾਂਗਰਸ ਦੇ ਸ਼ਾਸਨ ਦੌਰਾਨ ਪੰਜਾਬ ਵਿਧਾਨ ਸਭਾ ਨੇ 2018 ਵਿੱਚ ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ, 2018 ਅਤੇ ਅਪਰਾਧਿਕ ਪ੍ਰਕਿਰਿਆ ਜ਼ਾਬਤਾ (ਪੰਜਾਬ ਸੋਧ) ਬਿੱਲ 2018 ਪਾਸ ਕੀਤੇ ਸਨ, ਜਿਸ ਵਿੱਚ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਗੁਰੂ ਗ੍ਰੰਥ ਸਾਹਿਬ, ਭਗਵਤ ਗੀਤਾ, ਪਵਿੱਤਰ ਕੁਰਾਨ ਅਤੇ ਪਵਿੱਤਰ ਬਾਈਬਲ ਦੇ ਸਨਮਾਨ ਨੂੰ ਠੇਸ ਪਹੁੰਚਾਉਣ, ਨੁਕਸਾਨ ਪਹੁੰਚਾਉਣ ਜਾਂ ਬੇਅਦਬੀ ਕਰਨ ਵਾਲੇ ਲਈ ਉਮਰ ਕੈਦ ਤੱਕ ਦੀ ਸਜ਼ਾ ਨਿਰਧਾਰਤ ਕੀਤੀ ਗਈ ਸੀ ਪਰ ਇਹ ਕਾਨੂੰਨ ਵੀ ਕੇਂਦਰ ਤੋਂ ਪਾਸ ਨਹੀਂ ਹੋ ਸਕਿਆ। ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ, 2018 ਕਾਨੂੰਨ ਆਈਪੀਸੀ ਵਿੱਚ ਸੋਧ ਦੀ ਮੰਗ ਕਰਦਾ ਸੀ ਇਸ ਵਿੱਚ ਨਵੀਂ ਧਾਰਾ 295 ਏਏ ਜੋੜਨ ਦੀ ਵਕਾਲਤ ਕੀਤੀ ਗਈ ਸੀ। ਪਹਿਲਾਂ ਤੋਂ ਮੌਜੂਦ ਕਾਨੂੰਨ 295 ਏ ਵਿੱਚ ਦੋਸ਼ੀ ਨੂੰ ਤਿੰਨ ਸਾਲ ਦੀ ਸਜ਼ਾ ਦੀ ਵਿਵਸਥਾ ਸੀ। ਬਾਅਦ ਵਿੱਚ ਇਸ ਕਾਨੂੰਨ ਵਿੱਚ ਸੋਧ ਕਰਕੇ ਅਤੇ ਨਵੀਂ ਧਾਰਾ ਜੋੜ ਕੇ (ਕਿਸੇ ਵੀ ਵਰਗ ਦੇ ਧਰਮ ਦਾ ਅਪਮਾਨ ਕਰਨ ਜਾਂ ਪਵਿੱਤਰ ਸਥਾਨ ਨੂੰ ਨੁਕਸਾਨ ਪਹੁੰਚਾਉਣ) ਦੇ ਤਹਿਤ ਸਜ਼ਾ ਨੂੰ ਤਿੰਨ ਸਾਲ ਤੋਂ ਵਧਾ ਕੇ ਦਸ ਸਾਲ ਦੀ ਕੈਦ ਕਰਨ ਦੀ ਵੀ ਮੰਗ ਕੀਤੀ ਗਈ ਸੀ। ਕਾਨੂੰਨੀ ਜਾਣਕਾਰ ਮੰਨਦੇ ਹਨ ਕਿ ਕਾਂਗਰਸ ਸਰਕਾਰ ਵਲੋਂ ਪਾਸ ਕੀਤੇ ਗਏ 2018 ਦੇ ਬੇਅਦਬੀ ਬਿੱਲਾਂ ਨੂੰ ਇਸ ਕਰਕੇ ਪ੍ਰਵਾਨਗੀ ਨਹੀਂ ਮਿਲੀ ਕਿਉਂਕਿ ਉਹ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ) ਦੀਆਂ ਧਰਾਵਾਂ ਦੇ ਮੁਤਾਬਕ ਸੀ, ਜਦਕਿ ਦੇਸ਼ ਵਿੱਚ ਹੁਣ ਬੀਐੱਨਐੱਸ ਲਾਗੂ ਹੋ ਚੁੱਕਾ ਹੈ ਅਤੇ ਇਸ ਕਰਕੇ ਕਾਨੂੰਨ ਦੀਆਂ ਧਾਰਾਵਾਂ ਨੂੰ ਬੀਐੱਨਐੱਸ ਦੇ ਉਪਬੰਧਾਂ ਦੇ ਮੁਤਾਬਕ ਨਵੇਂ ਸਿਰਿਓਂ ਤੈਅ ਕਰਕੇ ਮੁੜ ਤੋਂ ਕਾਨੂੰਨ ਬਣਾਉਣ ਲਈ ਆਖਿਆ ਗਿਆ ਹੈ।



## ਖਰੜੇ ਮੁਤਾਬਕ ਸਜ਼ਾ

ਖਰੜੇ ਮੁਤਾਬਕ ਇਸ ਐਕਟ ਅਧੀਨ ਕੀਤਾ ਗਿਆ ਅਪਰਾਧ ਗ਼ੈਰ-ਜ਼ਮਾਨਤੀ, ਗ਼ੈਰ-ਸਮਝੌਤਾਯੋਗ ਅਤੇ ਸੈਸ਼ਨ ਅਦਾਲਤ ਵੱਲੋਂ ਵਿਚਾਰਯੋਗ ਹੋਵੇਗਾ। ਇਸ ਦੇ ਨਾਲ ਹੀ ਇਸ ਸਬੰਧੀ ਅਪਰਾਧ ਦੀ ਤਫ਼ਤੀਸ਼ ਉੱਪ ਕਪਤਾਨ ਪੁਲਿਸ (ਡੀਐੱਸਪੀ) ਦੇ ਰੈਂਕ ਅਤੇ ਉਸ ਤੋਂ ਉਪਰਲੇ ਰੈਂਕ ਦੇ ਅਧਿਕਾਰੀ ਵੱਲੋਂ ਕੀਤੀ ਜਾਵੇਗੀ। ਇਸ ਐਕਟ ਅਧੀਨ ਜੇਕਰ ਕੋਈ ਅਪਰਾਧ ਕਰਦਾ ਹੈ ਤਾਂ ਉਸ ਲਈ ਘੱਟੋ-ਘੱਟ 10 ਸਾਲ ਦੀ ਸਜ਼ਾ ਅਤੇ ਉਮਰ ਕੈਦ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ 5 ਲੱਖ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਵੀ ਲਗਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਜੇਕਰ ਕੋਈ ਵਿਅਕਤੀ ਅਜਿਹੇ ਕਾਰੇ ਲਈ ਉਕਸਾਏ ਜਾਣ ਜਾਂ ਪ੍ਰੇਰਿਤ ਕਰਨ ਜਾਂ ਸਹਾਇਤਾ ਕਰਨ ਸਬੰਧੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਲਈ ਵੀ ਸਜ਼ਾ ਦਾ ਪ੍ਰਾਵਧਾਨ ਹੈ। ਜੇਕਰ ਵਿਅਕਤੀ ਵੱਲੋਂ ਕੀਤਾ ਅਪਰਾਧ ਐਕਟ ਅਧੀਨ ਆਉਂਦਾ ਹੈ ਤਾਂ ਉਸ ਲਈ ਵੀ ਤਿੰਨ ਸਾਲ ਤੋਂ ਪੰਜ ਸਾਲ ਦੀ ਸਜ਼ਾ ਅਤੇ ਤਿੰਨ ਲੱਖ ਰੁਪਏ ਤੱਕ ਜੁਰਮਾਨੇ ਦੀ ਤਜਵੀਜ਼ ਹੈ।

# ਜਦੋਂ ਡਾਕਟਰਾਂ ਵੱਲੋਂ ਮ੍ਰਿਤਕ ਐਲਾਨਿਆ ਗਿਆ ਬੱਚਾ ਅੰਤਿਮ ਸੰਸਕਾਰ ਦੌਰਾਨ ਰੋਣ ਲੱਗਾ

ਡਾਕਟਰਾਂ ਨੇ ਪਹਿਲਾਂ ਇੱਕ ਨਵਜੰਮੇ ਬੱਚੇ ਨੂੰ ਮ੍ਰਿਤਕ ਐਲਾਨ ਦਿੱਤਾ, ਪਰ ਬਾਅਦ ਵਿੱਚ ਅੰਤਿਮ ਸੰਸਕਾਰ ਦੌਰਾਨ ਬੱਚਾ ਰੋਣ ਲੱਗਾ। ਇਹ ਘਟਨਾ ਮਹਰਾਸ਼ਟਰ ਦੇ ਬੀੜ ਜ਼ਿਲ੍ਹੇ ਵਿੱਚ ਵਾਪਰੀ। ਇਹ ਮਾਮਲਾ ਅਸਲ ਵਿੱਚ ਕੀ ਹੈ? ਆਓ ਜਾਣਦੇ ਹਾਂ। ਬੀੜ ਦੇ ਕਾਜ ਤਾਲੁਕਾ ਦੀ ਇੱਕ ਔਰਤ ਨੂੰ 7 ਜੁਲਾਈ ਦੀ ਸ਼ਾਮ ਨੂੰ ਅੰਬਾਜਾਗੋਈ ਦੇ ਸਵਾਮੀ ਰਾਮਾਨੰਦ ਤੀਰਥ ਰੂਰਲ ਹਸਪਤਾਲ ਵਿੱਚ ਜਣੇਪੇ ਲਈ ਦਾਖਲ ਕਰਵਾਇਆ ਗਿਆ ਸੀ। ਔਰਤ ਨੇ ਉਸ ਰਾਤ ਇੱਕ ਬੱਚੇ ਨੂੰ ਜਨਮ ਦਿੱਤਾ। ਹਾਲਾਂਕਿ, ਬੱਚੇ ਵਿੱਚ ਕੋਈ ਹਲਚਲ ਨਹੀਂ ਸੀ। ਇਸ ਲਈ, ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਘਟਨਾ ਬਾਰੇ ਗੱਲ ਕਰਦਿਆਂ ਡਾ. ਰਾਜੇਸ਼ ਕੋਚਰੇ ਕਚਰੇ ਨੇ ਕਿਹਾ, ÷ਔਰਤ ਨੇ 7 ਜੁਲਾਈ ਦੀ ਸ਼ਾਮ ਨੂੰ ਬੱਚੇ ਨੂੰ ਜਨਮ ਦਿੱਤਾ। ਉਸ ਸਮੇਂ, ਬੱਚੇ ਦੇ ਜ਼ਿੰਦਾ ਹੋਣ ਦੇ ਕੋਈ ਸੰਕੇਤ ਨਹੀਂ ਦਿਖਾਈ ਦਿੱਤੇ। ਇਸ ਕਾਰਨ, ਬੱਚੇ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਅਤੇ ਉਸ ਦੇ ਰਿਸ਼ਤੇਦਾਰਾਂ ਨੂੰ ਸੌਂਪ ਦਿੱਤਾ ਗਿਆ।÷÷ਉਸ ਨੂੰ ਰਾਤ ਭਰ ਆਈਸੀਯੂ ਵਿੱਚ ਰੱਖਿਆ ਗਿਆ। ਜਦੋਂ ਤੱਕ ਉਸ ਨੂੰ ਸਵੇਰੇ ਉਸ ਦੇ ਰਿਸ਼ਤੇਦਾਰਾਂ ਨੂੰ ਸੌਂਪ ਨਹੀਂ ਦਿੱਤਾ ਗਿਆ, ਉਸ ਦੇ ਜ਼ਿੰਦਾ ਹੋਣ ਦੇ ਕੋਈ ਸੰਕੇਤ ਨਹੀਂ ਦਿਖਾਈ ਦਿੱਤੇ ਸਨ।÷ ਸਵੇਰੇ, ਬੱਚੇ ਨੂੰ ਇੱਕ ਰਿਸ਼ਤੇਦਾਰ ਨੂੰ ਸੌਂਪਣ ਤੋਂ ਬਾਅਦ, ਉਹ ਉਸ ਨੂੰ ਘਰ ਲੈ ਗਏ। ਉੱਥੇ, ਉਸ ਦੇ ਅੰਤਿਮ ਸੰਸਕਾਰ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਉੱਥੇ, ਇੱਕ ਦਾਦੀ ਨੇ ਦੇਖਿਆ ਕਿ ਬੱਚਾ ਹਿੱਲ ਰਿਹਾ ਸੀ। ਉਸ ਸਮੇਂ, ਬੱਚਾ ਰੋਣ ਵੀ ਲੱਗ ਪਿਆ। ਇਸ ਤੋਂ ਬਾਅਦ, ਪਰਿਵਾਰ ਦੁਬਾਰਾ ਬੱਚੇ ਨੂੰ ਹਸਪਤਾਲ ਲੈ ਆਇਆ।

**ਹਸਪਤਾਲ ਨੇ ਕੀ ਕਿਹਾ**

ਡਾ. ਰਾਜੇਸ਼ ਕਚਰੇ ਕਹਿੰਦੇ ਹਨ, ÷ਬੱਚਾ ਇਸ ਸਮੇਂ ਇੰਟੈਂਸਿਵ ਕੇਅਰ ਯੂਨਿਟ ਵਿੱਚ ਹੈ ਅਤੇ ਉਸ ਦਾ ਇਲਾਜ ਚੱਲ ਰਿਹਾ ਹੈ। ਬੱਚੇ ਦਾ ਭਾਰ ਸਿਰਫ਼ 900 ਗ੍ਰਾਮ ਹੈ। ਉਸ ਦੀ ਹਾਲਤ ਇਸ ਵੇਲੇ ਠੀਕ ਹੈ। ਬੱਚੇ ਦੇ ਪਰਿਵਾਰ ਨੇ ਅਜੇ ਤੱਕ ਇਸ ਬਾਰੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਉਧਰ ਦੂਜੇ ਪਾਸੇ ਹਸਪਤਾਲ ਪ੍ਰਸ਼ਾਸਨ ਨੇ ਕਿਹਾ ਹੈ ਕਿ ਉਨ੍ਹਾਂ ਨੇ ਮਾਮਲੇ @ਤੇ ਨੋਟਿਸ ਲੈਣ ਅਤੇ ਜਾਂਚ ਕਰਨ ਲਈ ਦੋ ਕਮੇਟੀਆਂ ਦਾ ਗਠਨ ਕੀਤਾ ਹੈ। ਡਾ. ਰਾਜੇਸ਼ ਕਚਰੇ ਨੇ ਕਿਹਾ, ÷ਇਸ ਮਾਮਲੇ ਦੀ ਜਾਂਚ ਲਈ ਦੋ ਕਮੇਟੀਆਂ ਬਣਾਈਆਂ ਗਈਆਂ ਹਨ।



ਗਾਇਨੀਕੋਲੋਜੀ ਵਿਭਾਗ ਦੇ ਮੁਖੀ ਨੂੰ ਇਸ ਘਟਨਾ ਦੀ ਤੁਰੰਤ ਜਾਂਚ ਕਰਨ ਅਤੇ ਡੀਨ ਦਫ਼ਤਰ ਨੂੰ ਰਿਪੋਰਟ ਸੌਂਪਣ ਦੇ ਹੁਕਮ ਦਿੱਤੇ ਗਏ ਹਨ। ਗਾਇਨੀਕੋਲੋਜੀ ਵਿਭਾਗ ਸਮੇਤ ਹੋਰ ਵਿਭਾਗਾਂ ਦੇ 5 ਲੋਕਾਂ ਦੀ ਇੱਕ ਟੀਮ ਵੀ ਬਣਾਈ ਗਈ ਹੈ, ਅਤੇ ਉਨ੍ਹਾਂ ਨੂੰ ਘਟਨਾ ਦੀ ਜਾਂਚ ਕਰਨ ਅਤੇ ਤੁਰੰਤ ਰਿਪੋਰਟ ਪੇਸ਼ ਕਰਨ ਦੇ ਹੁਕਮ ਵੀ ਦਿੱਤੇ ਗਏ ਹਨ। ਉਸ ਰਿਪੋਰਟ ਨੂੰ ਹਾਸਲ ਕਰਨ ਅਤੇ ਕਿਸੇ ਦੇ ਦੋਸ਼ੀ ਸਾਬਤ ਹੋਣ ਤੋਂ ਬਾਅਦ, ਤੁਰੰਤ ਕਾਰਵਾਈ ਕੀਤੀ ਜਾਵੇਗੀ।

**ਪਹਿਲਾਂ ਵੀ ਅਜਿਹਾ ਮਾਮਲਾ ਸਾਹਮਣੇ ਆਇਆ ਸੀ**

ਇਸ ਘਟਨਾ ਬਾਰੇ ਗੱਲ ਕਰਦੇ ਹੋਏ, ਅੰਬਜੋਗਾਈ ਪੇਂਡੂ ਹਸਪਤਾਲ ਦੇ ਗਾਇਨੀਕੋਲੋਜੀ ਅਤੇ ਜਣੇਪਾ ਵਿਭਾਗ ਦੇ ਮੁਖੀ ਡਾ. ਗਣੇਸ਼ ਟੋਡਗੇ ਨੇ ਮੀਡੀਆ ਨੂੰ ਦੱਸਿਆ, ÷ਬੱਚੇ ਦਾ ਜਨਮ ਜਣੇਪਾ ਪੀਰੀਅਡ ਪੂਰਾ ਹੋਣ ਤੋਂ ਪਹਿਲਾਂ ਹੋਇਆ ਸੀ। ਇਸ ਦਾ ਭਾਰ ਸਿਰਫ 900 ਗ੍ਰਾਮ ਹੈ। ਇਹ ਜਨਮ ਤੋਂ ਬਾਅਦ ਬਿਲਕੁਲ ਵੀ ਨਹੀਂ ਹਿੱਲਿਆ। ਇਸੇ ਲਈ ਇਹ ਘਟਨਾ ਵਾਪਰੀ ਹੋਣੀ ਚਾਹੀਦੀ ਹੈ। ਹੁਣ, ਸਾਨੂੰ ਅਗਲੇ ਕੁਝ ਦਿਨਾਂ ਵਿੱਚ ਪਤਾ ਲੱਗੇਗਾ ਕਿ ਇਸ ਮਾਮਲੇ ਦੀ ਰਿਪੋਰਟ ਕਦੋਂ ਅਤੇ ਕੀ ਆਵੇਗੀ ਅਤੇ ਕਿਸੇ ਨੂੰ ਦੋਸ਼ੀ ਠਹਿਰਾਇਆ ਜਾਵੇਗਾ ਜਾਂ ਨਹੀਂ। ਕੁਝ ਦਿਨ ਪਹਿਲਾਂ ਉਲਹਾਸਨਗਰ ਦੇ ਇੱਕ ਹਸਪਤਾਲ ਵਿੱਚ ਵੀ ਇਸੇ ਤਰ੍ਹਾਂ ਦੀ ਘਟਨਾ ਸਾਹਮਣੇ ਆਈ ਸੀ। ਇੱਕ ਵਿਅਕਤੀ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਅਤੇ ਡਾਕਟਰ ਨੇ ਮੌਤ ਦਾ ਸਰਟੀਫਿਕੇਟ ਜਾਰੀ ਕਰ ਦਿੱਤਾ ਸੀ। ਇਸ ਤੋਂ ਬਾਅਦ, ਰਿਸ਼ਤੇਦਾਰਾਂ ਨੇ ਅੰਤਿਮ ਸੰਸਕਾਰ ਦੀ ਤਿਆਰੀ ਸ਼ੁਰੂ ਕਰ ਦਿੱਤੀ। ਅੰਤਿਮ ਸੰਸਕਾਰ ਦੀ ਤਿਆਰੀ ਕਰਦੇ ਸਮੇਂ, ਰਿਸ਼ਤੇਦਾਰਾਂ ਨੇ ਦੇਖਿਆ ਕਿ ਵਿਅਕਤੀ ਦੀ ਛਾਤੀ ਧੜਕ ਰਹੀ ਸੀ। ਇਸ ਤੋਂ ਬਾਅਦ, ਵਿਅਕਤੀ ਨੂੰ ਦੁਬਾਰਾ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਉਸ ਦਾ ਉੱਥੇ ਇਲਾਜ ਕੀਤਾ ਗਿਆ ਅਤੇ ਉਸ ਨੂੰ ਬਚਾਉਣ ਵਿੱਚ ਕਾਮਯਾਬੀ ਮਿਲੀ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312 | Website: www.preetnama.com Email preetnamausa@gmail.com | 18 JULY TO 24 JULY ,2025





# ਪਤੀ ਦੇ ਕਤਲ ਦੀ ਹਰ ਘਟਨਾ 'ਟਰੈਂਡ' ਕਿਉਂ ਬਣ ਜਾਂਦੀ ਹੈ ? ਕੀ ਵਾਕਈ ਮਰਦ ਹੁਣ ਡਰ ਦੇ ਸਾਏ ਹੇਠ ਹਨ

ਅੱਜਕੱਲ੍ਹ ਅਕਸਰ ਇਹ ਸੁਣਨ ਨੂੰ ਮਿਲ ਰਿਹਾ ਹੈ ਕਿ ਔਰਤਾਂ ਦੇ ਹੱਥੋਂ ਮਰਦਾਂ ਦੀ ਜਾਨ ਖ਼ਤਰੇ ਵਿੱਚ ਹੈ। ਖ਼ਾਸ ਤੌਰ 'ਤੇ ਇਹ ਚਰਚਾ ਉਦੋਂ ਛਿੜ ਜਾਂਦੀ ਹੈ ਜਦੋਂ ਕਿਸੇ ਆਦਮੀ ਦੀ ਪਤਨੀ ਜਾਂ ਸਾਥੀ ਦੇ ਕਤਲ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੁੰਦਾ ਹੈ। ਪਿਛਲੇ ਕੁਝ ਮਹੀਨਿਆਂ ਵਿੱਚ ਅਜਿਹੀਆਂ ਬਹੁਤ ਸਾਰੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਇਹ ਕੁਝ ਹੀ ਸਮੇਂ ਵਿੱਚ ਸਾਰੇ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਫ਼ੈਲ ਗਈਆਂ। ਅਜਿਹੀਆਂ ਖ਼ਬਰਾਂ ਤੋਂ ਬਾਅਦ ਮਾਹੌਲ ਕੁਝ ਇਸ ਤਰ੍ਹਾਂ ਬਣ ਜਾਂਦਾ ਹੈ ਜਿਵੇਂ ਹਰ ਔਰਤ, ਹਰ ਜਗ ?ਹਾ, ਆਪਣੇ ਪਤੀ ਜਾਂ ਸਾਥੀ ਦਾ ਕਤਲ ਕਰਨ ਦੀ ਸੋਚ ਰਹੀ ਹੋਵੇ। ਕੁਝ ਘਟਨਾਵਾਂ ਯਾਦ ਕਰੋ। ਇੱਕ ਆਦਮੀ ਦੀ ਲਾਸ਼ ਨੀਲੇ ਡਰੱਮ ਵਿੱਚ ਮਿਲੀ ਸੀ। ਫਿਰ ਵਿਆਹ ਤੋਂ ਕੁਝ ਦਿਨ ਬਾਅਦ ਹੀ ਕਿਸੇ ਖ਼ਾਸ ਜਗ ?ਹਾ 'ਤੇ ਲਿਜਾ ਕੇ ਕਿਸੇ ਵਿਅਕਤੀ ਦਾ ਕਤਲ ਕਰ ਦਿੱਤਾ ਗਿਆ ਸੀ। ਜਾਂ ਕਿਤੇ ਇਹ ਦਾਅਵਾ ਕੀਤਾ ਗਿਆ ਸੀ ਕਿ ਵਿਆਹ ਤੋਂ ਬਾਅਦ ਪਹਿਲੀ ਰਾਤ ਹੀ ਇੱਕ ਆਦਮੀ ਨੂੰ ਉਸਦੀ ਪਤਨੀ ਨੇ ਚਾਕੂ ਨਾਲ ਧਮਕਾ ਦਿੱਤਾ। ਇਸ ਤੋਂ ਬਾਅਦ, ਇਨ੍ਹਾਂ ਘਟਨਾਵਾਂ ਨੂੰ ਵੱਖ-ਵੱਖ ਖ਼ਾਸ ਸਿਰਲੇਖਾਂ ਨਾਲ ਪਾਠਕਾਂ ਦੇ ਸਾਹਮਣੇ ਪੇਸ਼ ਕੀਤਾ ਗਿਆ। ਸੋਸ਼ਲ ਮੀਡੀਆ 'ਤੇ ਦਰਜਨਾਂ ਪੋਸਟਾਂ ਅਤੇ ਵੀਡੀਓਜ਼ ਦਿਖਾਈ ਦਿੱਤੇ। ਇਹ ਵੀਡੀਓਜ਼ ਘਟਨਾਵਾਂ ਦੀ ਗੰਭੀਰਤਾ ਨੂੰ ਨਹੀਂ ਸਨ ਦਰਸਾਉਂਦੇ ਬਲਕਿ ਮਜ਼ਾਕੀਆ ਤਰੀਕੇ ਨਾਲ ਪੇਸ਼ ਕੀਤੇ ਗਏ ਸਨ। ਨੀਲਾ ਡਰੱਮ ਤਾਂ ਜਿਵੇਂ ਪਤੀ ਨੂੰ ਡਰਾਉਣ ਵਾਲੀ ਚੀਜ਼ ਹੀ ਬਣ ਗਿਆ। ਇਸ ਨੂੰ ਦਿਖਾਉਣ ਲਈ ਕਈ ਵੀਡੀਓ ਅਤੇ ਪੋਸਟਾਂ ਸਾਹਮਣੇ ਆਈਆਂ। ਇੰਨਾ ਹੀ ਨਹੀਂ, ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਹਰ ਪਤਨੀ ਧਮਕੀ ਦੇ ਰਹੀ ਹੈ ਅਤੇ ਹਰ ਪਤੀ ਡਰਿਆ-ਸਹਿਮਿਆ ਹੋਇਆ ਹੈ। ਭਾਵੇਂ ਕੋਈ ਵੀ ਇਨ੍ਹਾਂ ਤੋਂ ਨਹੀਂ ਡਰਦਾ ਸੀ, ਪਰ ਉਹ ਹੱਸਦੇ ਜ਼ਰੂਰ ਸਨ...ਕਿਉਂਕਿ ਇਹ ਮਹਿਜ਼ ਲਤੀਫ਼ੇ ਸਨ। ਇਸੇ ਲਈ ਇਨ੍ਹਾਂ 'ਤੇ ਗੰਭੀਰ ਚਰਚਾ ਕਰਨ ਦੀ ਬਜਾਇ, ਸਤਹੀ ਜਿਹੀ ਚਰਚਾ ਛਿੜੀ ਰਹੀ। ਇੰਨਾ ਹੀ ਨਹੀਂ, ਇੰਝ ਲੱਗ ਰਿਹਾ ਸੀ ਜਿਵੇਂ ਔਰਤਾਂ ਖ਼ ?ਲਾਫ਼ ਬੋਲਣ ਦਾ ਕੋਈ ਮਜ਼ਬੂਤ ਆਧਾਰ ਮਿਲ ਗਿਆ ਹੋਵੇ। ਕੁਝ ਲੋਕ ਇਸ ਸੁਰ ਵਿੱਚ ਗੱਲ ਕਰਦੇ ਦੇਖੇ ਗਏ, ਦੇਖੋ ਅਸੀਂ ਕਹਿੰਦੇ ਸੀ ਨਾ...ਔਰਤਾਂ ਅਜਿਹੀਆਂ ਹੁੰਦੀਆਂ ਹਨ। ਪਰ ਕੀ ਮਾਮਲਾ ਇੰਨਾ ਸੌਖਾ ਹੈ ? ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨਸੀਆਰਬੀ) ਅਤੇ ਹੋਰ ਸਰੋਤਾਂ ਦੇ ਅੰਕੜੇ ਦਰਸਾਉਂਦੇ ਹਨ ਕਿ ਹਰ ਉਮਰ ਵਿੱਚ ਔਰਤਾਂ ਨੂੰ ਔਰਤਾਂ ਹੋਣ ਕਰਕੇ ਹਿੰਸਾ ਦਾ ਸਾਹਮਣਾ ਕਰਦੀਆਂ ਰਹੀਆਂ ਹਨ। ਕੀ ਇਹ ਮਰਦਾਂ ਨਾਲ ਹੁੰਦਾ ਹੈ ? ਨਹੀਂ, ਹੁੰਦਾ ਨਾ ? ਇਸ ਤੋਂ ਇੱਕ ਗੱਲ ਹੋਰ ਸਪੱਸ਼ਟ ਹੋ ਜਾਂਦੀ ਹੈ। ਔਰਤਾਂ ਵਿਰੁੱਧ ਹਿੰਸਾ ਸਾਡੇ ਘਰਾਂ, ਪਰਿਵਾਰਾਂ ਅਤੇ ਸਮਾਜ ਵਿੱਚ ਆਮ ਹੋ ਗਈ ਹੈ। ਇਸੇ ਕਰਕੇ ਅਸੀਂ ਇਸਨੂੰ ਉਦੋਂ ਤੱਕ ਨਹੀਂ ਦੇਖਦੇ ਜਦੋਂ ਤੱਕ ਇਸ ਵਿੱਚ ਕੁਝ ਅਸਾਧਾਰਨ ਜਾਂ ਖ਼ਾਸ ਨਾ ਹੋ ਜਾਵੇ। ਕੁਝ ਭਿਆਨਕ ਨਾ ਹੋ ਜਾਵੇ। ਪਰ ਕਿਉਂਕਿ ਮਰਦਾਂ ਵਿਰੁੱਧ ਹਿੰਸਾ ਆਮ ਨਹੀਂ ਹੈ, ਇਸ ਲਈ ਹਰ ਘਟਨਾ, ਵੱਡੀ ਜਾਂ ਛੋਟੀ ਹਰ ਘਟਨਾ ਨੂੰ ਇੱਕ ਵੱਡੀ ਗੱਲ ਵਜੋਂ ਪੇਸ਼ ਕੀਤਾ ਜਾਂਦਾ ਹੈ। ਜਿਵੇਂ ਕਿ ਮਰਦ ਜਾਤੀ ਦਾ ਵਜੂਦ ਹੀ ਖ਼ਤਰੇ ਵਿੱਚ ਪੈ ਗਿਆ ਹੋਵੇ।



**ਔਰਤਾਂ ਅਤੇ ਮਰਦਾਂ ਵਿਰੁੱਧ ਹੋਣ ਵਾਲੀ ਹਿੰਸਾ**

ਪਰ ਕੀ ਦੋਵਾਂ ਦੀ ਹਿੰਸਾ ਨੂੰ ਇੱਕੋ ਪੈਮਾਨੇ 'ਤੇ ਤੋਲਿਆ ਜਾ ਸਕਦਾ ਹੈ ? ਬਿਲਕੁਲ ਨਹੀਂ। ਹਿੰਸਾ ਦੀ ਜੜ੍ਹ ਵਿੱਚ ਗ਼ੈਰ-ਬਰਾਬਰੀ, ਵਿਤਕਰਾ, ਸੱਤਾ ਅਤੇ ਤਾਕਤ ਦਾ ਵਿਚਾਰ ਹੈ। ਇਸਨੇ ਹਿੰਸਾ ਦੀ ਇੱਕ ਪੂਰੀ ਪ੍ਰਣਾਲੀ ਬਣਾਈ ਹੋਈ ਹੈ। ਇਹ ਪ੍ਰਣਾਲੀ ਹਿੰਸਾ ਦੇ ਵੱਖ-ਵੱਖ ਰੂਪਾਂ ਨੂੰ ਜਾਇਜ਼ ਜਾਂ ਆਮ ਬਣਾਉਂਦੀ ਹੈ। ਇਸੇ ਲਈ ਸਾਨੂੰ ਔਰਤਾਂ ਖ਼ ?ਲਾਫ਼ ਹਿੰਸਾ ਨੂੰ ਸੌਖਿਆਂ ਨਜ਼ਰ ਨਹੀਂ ਆਉਂਦੀ। ਸਾਨੂੰ ਅਕਸਰ ਇਸਨੂੰ ਗ਼ਲਤ ਮੰਨਣਾ ਥੋੜ੍ਹਾ ਔਖਾ ਲੱਗਦਾ ਹੈ। ਇਸ ਲਈ ਇਸਨੂੰ ਵਾਰ-ਵਾਰ ਦਿਖਾਉਣਾ ਪੈਂਦਾ ਹੈ। ਇਹ ਦੱਸਣਾ ਪੈਂਦਾ ਹੈ ਕਿ ਇਹ ਕਾਨੂੰਨ ਦੀਆਂ ਨਜ਼ਰਾਂ ਵਿੱਚ ਗ਼ਲਤ ਹੈ। ਦੂਜੇ ਪਾਸੇ ਔਰਤਾਂ ਵੱਲੋਂ ਕੀਤੀ ਜਾਣ ਵਾਲੀ ਜ਼ਿਆਦਾਤਰ ਹਿੰਸਾ ਦੇ ਮਾਮਲੇ ਵਿੱਚ ਅਜਿਹਾ ਨਹੀਂ ਹੁੰਦਾ। ਇਹ ਤਤਕਾਲੀ ਕਾਰਨਾਂ ਜਾਂ ਨਿੱਜੀ ਹਿੱਤ ਦੀ ਖ਼ੁਆਇਸ਼ ਜ਼ਿਆਦਾ ਹੁੰਦੀ ਹੈ। ਇੰਨਾ ਹੀ ਨਹੀਂ, ਕਈ ਵਾਰ ਇਹ ਪਿਤਰਸੱਤਾ ਦੀ ਪ੍ਰਣਾਲੀ ਤੋਂ ਪੈਦਾ ਹੋਣ ਵਾਲੇ ਹਾਲਾਤ ਦਾ ਨਤੀਜਾ ਵੀ ਹੁੰਦਾ ਹੈ। ਇੰਨਾ ਹੀ ਨਹੀਂ, ਘਾਤਕ ਹਿੰਸਾ ਅਤੇ ਅਪਰਾਧ ਦੀਆਂ ਅਜਿਹੀਆਂ ਘਟਨਾਵਾਂ ਵਿੱਚ ਅਕਸਰ ਉਸ ਦੇ ਨਾਲ ਇੱਕ ਜਾਂ ਵੱਧ ਸਹਿਯੋਗੀ ਮਰਦ ਹੁੰਦੇ ਹਨ। ਯਾਨੀ ਜ਼ਿਆਦਾਤਰ ਹਿੰਸਕ ਜਾਂ ਘਾਤਕ ਘਟਨਾਵਾਂ ਮਰਦਾਂ ਦੀ ਸਰਗਰਮ ਮਦਦ ਤੋਂ ਬਿਨ੍ਹਾਂ ਨਹੀਂ ਵਾਪਰਦੀਆਂ। ਇਹ ਵੀ ਸੰਭਵ ਹੈ, ਆਦਮੀ ਹੀ ਪ੍ਰੇਰਨਾ ਦਾ ਸਰੋਤ ਹੁੰਦੇ ਹੋਣ। ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਇਹ ਔਰਤਾਂ ਖ਼ ?ਲਾਫ਼ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਨਹੀਂ ਕਿਹਾ ਜਾ ਰਿਹਾ ਹੈ, ਸਗੋਂ ਇਸਨੂੰ ਸਮਝਣ ਲਈ ਕਿਹਾ ਜਾ ਰਿਹਾ ਹੈ।

**ਔਰਤਾਂ ਵੱਲੋਂ ਕੀਤੀ ਹਿੰਸਾ ਕਿਸ ਤਰ੍ਹਾਂ ਦੀ ਹੈ ?**

ਇਹ ਇੱਕ ਅਜਿਹਾ ਨੁਕਤਾ ਹੈ ਜਿਸਨੂੰ ਵਾਰ-ਵਾਰ ਦੁਹਰਾਉਣ ਦੀ ਲੋੜ ਹੈ ਕਿ ਕਿਸੇ ਵੀ ਵਿਅਕਤੀ ਖ਼ ?ਲਾਫ਼ ਹਿੰਸਾ, ਕਿਸੇ ਵੀ ਰੂਪ ਵਿੱਚ... ਜਾਇਜ਼ ਨਹੀਂ ਠਹਿਰਾਈ ਜਾ ਸਕਦੀ। ਪਰ ਜਦੋਂ ਅਸੀਂ ਹਿੰਸਾ ਨੂੰ ਔਰਤਾਂ ਵੱਲੋਂ ਕੀਤੀ ਹਿੰਸਾ ਜਾਂ ਮਰਦਾਂ ਵੱਲੋਂ ਕੀਤੀ ਹਿੰਸਾ ਵਜੋਂ ਦੇਖਦੇ ਹਾਂ, ਤਾਂ ਇਸਦੀ ਜਾਂਚ ਕਰਨੀ ਪਵੇਗੀ। ਉਦਾਹਰਣ ਵਜੋਂ, ਔਰਤਾਂ ਵੱਲੋਂ ਖ਼ ?ਲਾਫ਼ ਹਿੰਸਾ ਦੀਆਂ ਹਾਲੀਆ ਖ਼ਬਰਾਂ ਵਿੱਚ, ਇੱਕ ਤੀਜੇ ਵਿਅਕਤੀ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ। ਮੀਡੀਆ ਵਿੱਚ, ਉਸ ਤੀਜੇ ਵਿਅਕਤੀ ਦੀ ਪਛਾਣ 'ਪ੍ਰੇਮੀ' ਵਜੋਂ ਕੀਤੀ ਜਾਂਦੀ ਹੈ। ਇੱਥੇ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਕੀ ਇਹ ਮੁੱਦਾ ਔਰਤ ਦੇ ਆਪਣੇ ਜੀਵਨ ਸਾਥੀ ਦੀ ਚੋਣ ਕਰਨ ਦੇ ਅਧਿਕਾਰ ਨਾਲ ਤਾਂ ਸਬੰਧਿਤ ਨਹੀਂ ਹੈ ? ਕੀ ਇਹ ਵਿਆਹੁਤਾ ਜੀਵਨ ਵਿੱਚ ਜਾਨਲੇਵਾ ਹਿੰਸਾ ਦਾ ਸਬੰਧ ਇਸ ਨਾਲ ਵੀ ਹੋ ਸਕਦਾ ਹੈ ? ਸਾਡਾ ਪਰਿਵਾਰ ਜਾਂ ਸਮਾਜ ਆਮ ਤੌਰ 'ਤੇ ਔਰਤ ਦੇ ਆਪਣੇ ਜੀਵਨ ਸਾਥੀ ਦੀ ਚੋਣ ਕਰਨ ਦੇ ਅਧਿਕਾਰ ਨੂੰ ਸਵੀਕਾਰ ਨਹੀਂ ਕਰਦਾ। ਇਹ ਚਾਹੁੰਦਾ ਹੈ ਕਿ ਇੱਕ ਔਰਤ ਉਸ ਆਦਮੀ ਨੂੰ ਚੁਣੇ ਜੋ ਉਸਦਾ ਪਰਿਵਾਰ ਉਸ ਲਈ ਚੁਣਦਾ ਹੈ। ਇਸ ਨਾਲ ਅਕਸਰ ਅਜੋੜ ਜੋੜੇ ਬਣ ਜਾਂਦੇ ਹਨ। ੌਰਤਾਂ ਇਸ ਜ਼ਬਰਦਸਤੀ ਦੇ ਫ਼ੈਸਲੇ ਦੇ ਵਿਰੁੱਧ ਮਜ਼ਬੂਤੀ ਨਾਲ ਖੜ੍ਹੇ ਹੋਣ ਵਿੱਚ ਅਸਮਰੱਥ ਹੁੰਦੀਆਂ ਹਨ। ਨਤੀਜੇ ਵਜੋਂ, ਇਸਦਾ ਪ੍ਰਭਾਵ ਹਿੰਸਕ ਅਤੇ ਜਾਨਲੇਵਾ ਵਿਛੋੜੇ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ। ਇਹ ਅਪਰਾਧਿਕ ਹਿੰਸਾ ਨਿੱਜੀ ਹੈ। ਦੂਜੇ ਪਾਸੇ, ਇਹ ਯਾਦ ਦਿਵਾਉਣਾ ਅਹਿਮ ਹੈ ਕਿ ਔਰਤਾਂ ਵੱਲੋਂ ਆਪਣੇ ਪਤੀਆਂ ਜਾਂ ਸਾਥੀਆਂ ਵਿਰੁੱਧ ਹਿੰਸਾ ਅਤੇ ਔਰਤਾਂ ਵਿਰੁੱਧ ਹਿੰਸਾ ਵਿੱਚ ਬਹੁਤ ਵੱਡਾ ਫ਼ਰਕ ਹੈ। ਔਰਤਾਂ ਵਿਰੁੱਧ ਜ਼ਿਆਦਾਤਰ ਹਿੰਸਾ ਉਨ੍ਹਾਂ ਦੇ ਔਰਤਾਂ ਹੋਣ ਕਰਕੇ ਹੁੰਦੀ ਹੈ। ਇਹ ਇੱਕ ਸੂਖਮ ਪਰ ਮਹੱਤਵਪੂਰਨ ਅੰਤਰ ਹੈ। ਉਦਾਹਰਣ ਵਜੋਂ, ਮਾਦਾ ਭਰੂਣ ਦਾ ਗਰਭਪਾਤ ਉਨ੍ਹਾਂ ਨੂੰ ਪੜ੍ਹਾਈ ਤੋਂ ਰੋਕਣਾ, ਬਲਾਤਕਾਰ, ਦਾਜ ਲਈ ਕਤਲ... ਹਿੰਸਾ ਦਾ ਇਹ ਰੂਪ ਸਿਰਫ਼ ਔਰਤਾਂ ਖ਼ ?ਲਾਫ਼ ਹੈ। ਇਹ ਮੁੰਡਿਆਂ ਜਾਂ ਮਰਦਾਂ ਵਿਰੁੱਧ ਨਹੀਂ ਹੈ। ਜੇਕਰ ਇਸ ਅੰਤਰ ਨੂੰ ਸਮਝਿਆ ਨਹੀਂ ਜਾਂਦਾ, ਤਾਂ ਇਸਦਾ ਇਲਾਜ ਵੀ ਸਹੀ ਨਹੀਂ ਹੋ ਸਕਦਾ।





**ਤਾਂ ਅਸੀਂ ਇਸ ਹਿੰਸਾ ਨੂੰ ਕਿਵੇਂ ਰੋਕ ਸਕਦੇ ਹਾਂ ?**

ਹਰ ਤਰ੍ਹਾਂ ਦੀ ਹਿੰਸਾ ਅਸਹਿਣਯੋਗ ਹੈ। ਇਹ ਇੱਕ ਅਪਰਾਧ ਹੈ। ਜੇਕਰ ਇੱਕ ਮਰਦ ਵੱਲੋਂ ਇੱਕ ਔਰਤ ਖ਼ ?ਲਾਫ਼ ਹਿੰਸਾ ਗ਼ਲਤ ਹੈ, ਤਾਂ ਇੱਕ ਔਰਤ ਦੁਆਰਾ ਇੱਕ ਮਰਦ ਵਿਰੁੱਧ ਹਿੰਸਾ ਵੀ ਗ਼ਲਤ ਹੈ। ਇਸੇ ਲਈ ਔਰਤਾਂ ਦੇ ਮੁੱਦਿਆਂ 'ਤੇ ਕੰਮ ਕਰਨ ਵਾਲਾ ਹਰ ਕੋਈ ਹਿੰਸਾ-ਮੁਕਤ ਸਮਾਜ ਦੀ ਹਾਮੀ ਭਰਦਾ ਹੈ। ਇੱਕ ਕਿਸਮ ਦੀ ਹਿੰਸਾ ਲਈ 'ਨਾਂਹ' ਅਤੇ ਦੂਜੀ ਕਿਸਮ ਦੀ ਹਿੰਸਾ ਲਈ 'ਹਾਂ' ਕਹਿਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਇਸ ਲਈ ਜੇਕਰ ਕੋਈ ਸੋਚਦਾ ਹੈ ਕਿ ਨਾਰੀਵਾਦੀ ਕਿਸੇ ਨਾ ਕਿਸੇ ਰੂਪ ਵਿੱਚ ਔਰਤਾਂ ਵੱਲੋਂ ਕੀਤੀ ਜਾਂਦੀ ਹਿੰਸਾ ਦਾ ਸਮਰਥਨ ਕਰਦੇ ਹਨ, ਤਾਂ ਉਹ ਗ਼ਲਤ ਸੋਚ ਰਿਹਾ ਹੈ। ਹਿੰਸਾ ਦੀ ਜੜ੍ਹ ਨੂੰ ਪਛਾਣੋ: ਦੂਜੇ ਪਾਸੇ, ਅਸੀਂ ਦੇਖਦੇ ਹਾਂ ਕਿ ਸਮਾਜ ਨੇ ਔਰਤਾਂ ਵਿਰੁੱਧ ਹਿੰਸਾ ਦੇ ਹੱਕ ਵਿੱਚ ਬਹੁਤ ਸਾਰੀਆਂ ਦਲੀਲਾਂ ਦਿੱਤੀਆਂ ਹਨ। ਇਸਦੀ ਵਰਤੋਂ ਸਮੇਂ-ਸਮੇਂ 'ਤੇ ਅਤੇ ਘਟਨਾ-ਦਰ-ਘਟਨਾ ਕੀਤੀ ਜਾਂਦੀ ਹੈ। ਉਨ੍ਹਾਂ ਲਈ ਇੱਕ ਔਰਤ ਹੋਣਾ ਖ਼ੁਦ ਉਨ੍ਹਾਂ ਵਿਰੁੱਧ ਹਿੰਸਾ ਦਾ ਕਾਰਨ ਬਣ ਜਾਂਦਾ ਹੈ। ਇਸ ਲਈ ਪਹਿਲਾ ਕਦਮ ਹਿੰਸਾ ਦੀ ਜੜ੍ਹ ਨੂੰ ਲੱਭਣਾ ਹੈ। ਔਰਤਾਂ ਦੀ ਵੀ ਹੋਂਦ ਹੈ: ਔਰਤਾਂ ਨੂੰ ਸੁਤੰਤਰ ਸ਼ਖ਼ਸੀਅਤ ਮੰਨਿਆ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਸਵੀਕਾਰ ਕਰਨਾ ਸਿਖਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨੂੰ ਜ਼ਿੰਦਗੀ ਦੇ ਚੰਗੇ ਜਾਂ ਮਾੜੇ ਫ਼ੈਸਲੇ ਲੈਣ ਦਿੱਤੇ ਜਾਣ ਅਤੇ ਉਨ੍ਹਾਂ ਫ਼ੈਸਲਿਆਂ ਦੀ ਇੱਜ਼ਤ ਕੀਤੀ ਜਾਵੇ। ਭਾਵੇਂ ਉਹ ਫ਼ੈਸਲਾ ਆਪਣੇ ਸਾਥੀ ਦੀ ਚੋਣ ਬਾਰੇ ਹੀ ਕਿਉਂ ਨਾ ਹੋਵੇ। ਔਰਤਾਂ ਹਿੰਸਾ ਦਾ ਸਹਾਰਾ ਨਾ ਲੈਣ: ਔਰਤਾਂ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਜੇਕਰ ਉਨ੍ਹਾਂ ਵਿਰੁੱਧ ਕੁਝ ਹੋ ਰਿਹਾ ਹੈ, ਤਾਂ ਉਨ੍ਹਾਂ ਨੂੰ ਬੋਲਣਾ ਚਾਹੀਦਾ ਹੈ, ਇਨਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੀ ਜ਼ਿੰਦਗੀ ਬਾਰੇ ਫ਼ੈਸਲਾ ਲੈਣ ਦਾ ਅਧਿਕਾਰ ਹੈ... ਪਰ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਲਈ ਕਿਸੇ ਦੀ ਜਾਨ ਲੈਣ ਦਾ ਅਧਿਕਾਰ ਨਹੀਂ ਹੈ। ਇਹ ਇੱਕ ਅਪਰਾਧ ਹੈ। ਅਪਰਾਧ ਲਈ ਸਜ਼ਾ ਹੈ। ਉਹ ਅਪਰਾਧ ਕਰਕੇ ਆਪਣੀ ਜ਼ਿੰਦਗੀ ਨੂੰ ਖ਼ੁਸ਼ਹਾਲ ਨਹੀਂ ਬਣਾ ਸਕਦੀਆਂ। ਇਸ ਲਈ ਉਨ੍ਹਾਂ ਨੂੰ ਹਿੰਸਾ ਨੂੰ ਰੱਦ ਕਰਨਾ ਚਾਹੀਦਾ ਹੈ। ਹਰ ਤਰ੍ਹਾਂ ਦੀ ਹਿੰਸਾ ਵਿਰੁੱਧ ਆਵਾਜ਼: ਜੇਕਰ ਕੋਲਕਾਤਾ ਦੇ ਆਰਜੀ ਕਰ ਮੈਡੀਕਲ ਕਾਲਜ ਵਿੱਚ ਬਲਾਤਕਾਰ ਦੀ ਘਟਨਾ ਜਾਂ ਦਿੱਲੀ ਵਿੱਚ ਚੱਲਦੀ ਬੱਸ ਵਿੱਚ ਸਮੂਹਿਕ ਬਲਾਤਕਾਰ ਦੀ ਘਟਨਾ ਨਾ ਹੁੰਦੀ, ਤਾਂ ਕੀ ਅਸੀਂ ਅੱਜ ਔਰਤਾਂ ਵਿਰੁੱਧ ਹੋਣ ਵਾਲੀ ਹਰ ਹਿੰਸਾ ਬਾਰੇ ਇੰਨਾ ਰੌਲਾ ਪਾਉਂਦੇ ? ਬਿਲਕੁਲ ਨਹੀਂ। ਜੇਕਰ ਅਸੀਂ ਸੱਚਮੁੱਚ ਹਿੰਸਾ ਦੇ ਖ਼ ?ਲਾਫ਼ ਹਾਂ, ਤਾਂ ਸਾਨੂੰ ਹਰ ਤਰ੍ਹਾਂ ਦੀ ਹਿੰਸਾ ਵਿਰੁੱਧ ਉਸੇ ਸ਼ਿੱਦਤ ਨਾਲ ਆਪਣੀ ਆਵਾਜ਼ ਚੁੱਕਣੀ ਚਾਹੀਦੀ ਹੈ। ਅੰਕੜੇ ਇਕੱਠੇ ਕੀਤੇ ਜਾਣ: ਮਰਦਾਂ ਵਿਰੁੱਧ ਉਨ੍ਹਾਂ ਦੀਆਂ ਪਤਨੀਆਂ ਵੱਲੋਂ ਕੀਤੀ ਗਈ ਹਿੰਸਾ ਨੂੰ ਵੱਖਰੇ ਤੌਰ 'ਤੇ ਦਰਜ ਕੀਤਾ ਜਾਣਾ ਚਾਹੀਦਾ ਹੈ। ਇਹ ਇਸ ਸੱਚਾਈ ਨੂੰ ਸਮਝਣ ਵਿੱਚ ਮਦਦ ਕਰੇਗਾ ਕਿ ਅਸਲ ਵਿੱਚ ਸਮੂਹਿਕ ਤੌਰ 'ਤੇ ਹਿੰਸਾ ਦੇ ਡਰ ਹੇਠ ਕਿਸਦੀਆਂ ਜ਼ਿੰਦਗੀਆਂ ਹਨ। ਅਤੇ ਸਭ ਤੋਂ ਅਹਿਮ ਗੱਲ ਇਹ ਹੈ ਕਿ ਔਰਤਾਂ ਨੂੰ ਹਿੰਸਾ ਦੇ ਹਰ ਰੂਪ ਨੂੰ ਰੱਦ ਕਰਨਾ ਚਾਹੀਦਾ ਹੈ। ਹਿੰਸਾ ਦੀ ਵਰਤੋਂ ਕਰਕੇ ਹਿੰਸਾ-ਮੁਕਤ ਅਤੇ ਬਰਾਬਰੀ ਵਾਲਾ ਸਮਾਜ ਨਹੀਂ ਬਣਾਇਆ ਜਾ ਸਕਦਾ। ਨਹੀਂ ਤਾਂ, ਇਹ ਮਰਦ-ਪ੍ਰਧਾਨ ਸਮਾਜ ਨਾ ਸਿਰਫ਼ ਉਨ੍ਹਾਂ ਖ਼ ?ਲਾਫ਼ ਵਿਆਪਕ ਹਿੰਸਾ ਨੂੰ ਨਜ਼ਰਅੰਦਾਜ਼ ਕਰੇਗਾ, ਸਗੋਂ ਇਸਦੇ ਵਿਰੁੱਧ ਇੱਕ ਮਾਹੌਲ ਵੀ ਬਣਾਏਗਾ ਅਤੇ ਇਹ ਅਜਿਹਾ ਕਰ ਰਿਹਾ ਹੈ।

## ਹਾਂ, ਔਰਤਾਂ ਵੀ ਹਿੰਸਾ ਕਰਦੀਆਂ ਹਨ

ਇਸ ਸੱਚਾਈ ਨੂੰ ਸਵੀਕਾਰ ਕਰਨ ਤੋਂ ਕੌਣ ਝਿਜਕੇਗਾ ਕਿ ਔਰਤਾਂ ਵੀ ਹਿੰਸਾ ਕਰਦੀਆਂ ਹਨ ? ਔਰਤਾਂ ਨੂੰ ਉਨ੍ਹਾਂ ਹੀ ਵਿਚਾਰਾਂ, ਕਦਰਾਂ-ਕੀਮਤਾਂ ਅਤੇ ਸਮਾਜਿਕ ਮਿਆਰਾਂ ਵਿੱਚ ਪਾਲਿਆ ਜਾਂਦਾ ਹੈ ਜੋ ਮਰਦਾਂ ਦੀ ਸੱਤਾ ਜਾਂ ਪਿਤਰਸੱਤਾ 'ਤੇ ਅਧਾਰਤ ਹਨ। ਸੱਤਾ ਅਤੇ ਤਾਕਤ ਦੇ ਮਾਪਦੰਡ ਇੱਕ ਖ਼ਾਸ ਕਿਸਮ ਦੀ ਹਿੰਸਕ ਮਰਦਾਨਗੀ ਨੂੰ ਜਨਮ ਦਿੰਦੇ ਹਨ। ਜਦੋਂ ਇਹ ਹਿੰਸਕ ਅਤੇ ਜ਼ਹਿਰੀਲੀ ਮਰਦਾਨਗੀ ਚਾਰੇ ਪਾਸੇ ਫ਼ੈਲੀ ਹੋਈ ਹੈ, ਤਾਂ ਔਰਤਾਂ ਲਈ ਇਸ ਤੋਂ ਬਚਣਾ ਕਿਵੇਂ ਸੰਭਵ ਹੈ ? ਕਿਸੇ ਨੂੰ ਹਰ ਤਰ੍ਹਾਂ ਨਾਲ ਕਾਬੂ ਵਿੱਚ ਰੱਖਣਾ, ਗਾਲ੍ਹਾਂ ਕੱਢਣਾ ਜਾਂ ਕੁੱਟਣਾ ਜਾਂ ਦਬਾਉਣਾ ਜਾਂ ਕਿਸੇ ਨੂੰ ਆਪਣੇ ਤੋਂ ਨੀਵਾਂ ਸਮਝਣਾ ਜਾਂ ਕਤਲ ਕਰ ਦੇਣਾ... ਇਹ ਜ਼ਹਿਰੀਲੀ ਮਰਦਾਨਗੀ ਦੀਆਂ ਕੁਝ ਨਿਸ਼ਾਨੀਆਂ ਹਨ। ਮਰਦ ਇੰਨਾ ਦੇ ਸਹਾਰੇ ਹੀ ਸਦੀਆਂ ਤੋਂ ਆਪਣਾ ਸਿਸਟਮ ਚਲਾਉਂਦੇ ਰਹੇ ਹਨ। ਯਾਨੀ ਇਹ ਸੱਤਾ ਅਤੇ ਤਾਕਤ ਦੀਆਂ ਨਿਸ਼ਾਨੀਆਂ ਹਨ। ਕਈ ਔਰਤਾਂ ਇਸਨੂੰ ਸਹੀ ਜਾਂ ਇੱਕੋ ਇੱਕ ਰਾਹ ਸਮਝਦੀਆਂ ਹਨ ਅਤੇ ਇਸ ਸੱਤਾ ਅਤੇ ਤਾਕਤ ਦੀ ਵਰਤੋਂ ਕਰਦੀਆਂ ਹਨ। ਉਹ ਹਿੰਸਾ ਦੇ ਵੱਖ-ਵੱਖ ਰੂਪਾਂ ਦਾ ਵੀ ਸਹਾਰਾ ਲੈਂਦੀਆਂ ਹਨ।

# ਹਫ਼ਤਾਵਾਰੀ ਪ੍ਰੀਤਨਾਮਾ

Weekly Preetnama www.preetnama.com
+1 (201) 312-4180





**PRITPAL KAUR**
Editor-In-Chief
+1 201-312-4180
+1 917-328-8436

**ADVISORY BOARD**

Joga Singh
******************************
Jaswinder Singh New Jersey
******************************
Mindi Manak
NewYork
******************************
Jagjit Singh Dasuya
******************************
Gurmeet Singh Dhalwan
Chicago
******************************
G. S Singh Punjab
******************************
Sujan Nag, USA
******************************
Dr. Jagdeep Dhimaan, India
*****************
Sarabjit Kaur Punjab
**********************
Sukhmandar Brar
(Bhagata Bhaika) Vancouver,

******************************
Sunil Kumar Gund
(Journalist) India
******************************
Raj Rani
Video editor
******************************
Jagmeet Kaur
97817-41631
******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**


ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।


**Preetnamausa@gmail.com**
**www.preetnama.com**


# ਜ਼ੋਹਰਾਨ ਮਾਮਦਾਨੀ 'ਚ ਕੁਝ ਖ਼ਾਸ ਤਾਂ ਜ਼ਰੂਰ ਹੈ

**ਜਯੋਤੀ ਮਲਹੋਤਰਾ**

ਜ਼ੋਹਰਾਨ ਕਵਾਮੇ ਮਾਮਦਾਨੀ ਤੋਂ ਆਖਰ ਕਿਸ ਨੂੰ ਡਰ ਹੈ ? ਨਿਊਯਾਰਕ ਦੇ ਮੇਅਰ ਲਈ 33 ਸਾਲਾਂ ਦਾ ਡੈਮੋਕਰੈਟ ਉਮੀਦਵਾਰ, ਜਿਸ ਦੇ ਕਈ ਨਾਂ ਸਪੱਸ਼ਟ ਤੌਰ 'ਤੇ ਨਾਂ ਦੇ ਵੱਖ-ਵੱਖ ਹਿੱਸਿਆਂ ਦੇ ਜੋੜ ਤੋਂ ਕਿਤੇ ਵੱਧ ਮਾਰ ਕਰ ਰਹੇ ਹਨ, ਨੇ ਹਾਲ ਹੀ 'ਚ ਅੱਧੀ ਦੁਨੀਆ ਹਿਲਾ ਕੇ ਰੱਖ ਦਿੱਤੀ ੧?ਹ- ਡੋਨਲਡ ਟਰੰਪ ('ਉਹ ਇੱਕ ਕਮਿਊਨਿਸਟ ਪਾਗਲ ਹੈ') ਤੋਂ ਲੈ ਕੇ ਕਾਂਗਰਸ ਨੇਤਾ ਅਭਿਸ਼ੇਕ ਮਨੂ ਸਿੰਘਵੀ ('ਜਦੋਂ ਉਹ ਆਪਣਾ ਮੂੰਹ ਖੋਲ੍ਹਦਾ ਹੈ, ਪਾਕਿਸਤਾਨੀ ਪੀਆਰ ਛੁੱਟੀ 'ਤੇ ਚਲੀ ਜਾਂਦੀ ਹੈ'), ਅਤੇ ਕੰਗਨਾ ਰਣੌਤ ('ਉਹ ਹਿੰਦੂ ਧਰਮ ਨੂੰ ਖਤਮ ਕਰਨ ਲਈ ਤਿਆਰ ਹੈ') ਵਰਗੇ ਗੁੱਸੇਖੋਰ ਸੱਜੇ-ਪੱਖੀਆਂ ਤੱਕ।

ਸੂਟ-ਬੂਟ 'ਚ ਸਜੇ ਇਸ ਨੌਜਵਾਨ ਵਿੱਚ ਅਜਿਹਾ ਕੀ ਹੈ ਜਿਸ ਨੇ ਤੂਫਾਨ ਲਿਆ ਦਿੱਤਾ ਹੈ ? ਆਓ ਨਾਵਾਂ ਤੋਂ ਹੀ ਸ਼ੁਰੂ ਕਰੀਏ- ਵਿਚਕਾਰਲਾ ਨਾਂ ਘਾਨਾ ਦੇ ਪਹਿਲੇ ਮਾਰਕਸਵਾਦੀ ਤੇ ਸਮਾਜਵਾਦੀ ਪ੍ਰਧਾਨ ਮੰਤਰੀ ਦੇ ਹਵਾਲੇ ਤੋਂ ਹੈ; ਆਖਰੀ ਨਾਂ ਉਸ ਦੇ ਪਿਤਾ ਨਾਲ ਜੁੜਿਆ ਹੈ, ਜੋ ਯੁਗਾਂਡਾ ਦੇ ਇੱਕ ਗੁਜਰਾਤੀ-ਮੁਸਲਿਮ ਵਿਦਵਾਨ ਹਨ, ਤੇ ਹੁਣ ਕੋਲੰਬੀਆ ਯੂਨੀਵਰਸਿਟੀ ਵਿੱਚ ਕੌਮਾਂਤਰੀ ਮਾਮਲਿਆਂ ਅਤੇ ਮਾਨਵ ਵਿਗਿਆਨ ਦੇ ਪ੍ਰੋਫੈਸਰ ਹਨ; ਪਹਿਲਾ ਨਾਮ ਇੱਕ ਅਰਬੀ ਸ਼ਬਦ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ 'ਰੌਸ਼ਨੀ ਦੀ ਕਿਰਨ।' ਜਿੱਥੋਂ ਤੱਕ ਉਸ ਦੀ ਮਾਂ ਦਾ ਸਵਾਲ ਹੈ, ਉਹ ਹਿੰਦੂ-ਪੰਜਾਬੀ ਡਾਕੂਮੈਂਟਰੀ ਫਿਲਮ ਨਿਰਮਾਤਾ ਮੀਰਾ ਨਾਇਰ ਹੈ, ਜਿਸ ਨੂੰ ਅਸੀਂ ਸਾਰੇ ਜਾਣਦੇ ਹੀ ਹਾਂ ਕਿ ਉਸ ਨੇ 'ਮਾਨਸੂਨ ਵੈਡਿੰਗ' ਅਤੇ 'ਮਿਸੀਸਿਪੀ ਮਸਾਲਾ' ਫਿਲਮਾਂ ਬਣਾਈਆਂ ਹਨ। ਜ਼ੋਹਰਾਨ ਦੀ ਪਤਨੀ ਸੀਰਿਆਈ ਮੂਲ ਦੀ ਹੈ ਅਤੇ ਐਨੀਮੇਸ਼ਨ ਖੇਤਰ 'ਚ ਕੰਮ ਕਰਦੀ ਹੈ।

ਇਹ ਨੌਜਵਾਨ ਖੁਦ ਨੂੰ 'ਲੋਕਤੰਤਰੀ ਸਮਾਜਵਾਦੀ' ਵਜੋਂ ਪੇਸ਼ ਕਰਦਾ ਹੈ। ਉਸ ਨੇ ਨਿਊਯਾਰਕ ਸ਼ਹਿਰ ਦੀਆਂ ਕਈ ਨਸਲੀ ਵੰਡੀਆਂ- ਸਿਆਹਫਾਮ ਤੇ ਦੱਖਣੀ ਏਸ਼ਅ ?ਾਈ, ਲਾਤੀਨੀ ਤੇ ਗੋਰੇ ਅਤੇ ਚੀਨੀ- ਨੂੰ ਪਾਰ ਕਰਦਿਆਂ ਇਸ ਹਫ਼ਤੇ ਦੇ ਸ਼ੁਰੂ ਵਿੱਚ ਪਾਰਟੀ ਉਮੀਦਵਾਰ ਵਜੋਂ ਆਪਣੀ ਸੀਟ ਪੱਕੀ ਕਰਨ ਲਈ 92 ਪ੍ਰਤੀਸ਼ਤ ਡੈਮੋਕਰੈਟਿਕ ਵੋਟਾਂ ਹਾਸਲ ਕੀਤੀਆਂ ਹਨ। ਉਸ ਨੇ ਮੁਫ਼ਤ ਬੱਸ ਕਿਰਾਏ, ਮੁਫ਼ਤ ਬਾਲ-ਸੰਭਾਲ ਅਤੇ ਨਿਯਮਤ ਜਨਤਕ ਰਿਹਾਇਸ਼ੀ ਕਿਰਾਇਆਂ ਵਰਗੇ ਬੁਨਿਆਦੀ ਮੁੱਦਿਆਂ ਲਈ ਸੰਘਰਸ਼ ਕੀਤਾ ਹੈ। ਉਸ ਨੇ ਅਤੇ ਉਸ ਦੇ ਵਿਆਪਕ ਵਾਲੰਟੀਅਰ ਸਮੂਹ ਨੇ ਰਾਜਨੀਤੀ ਦੇ ਪੁਰਾਣੇ ਸਿਧਾਂਤ ਨੂੰ ਅਪਣਾ ਕੇ ਘਰ-ਘਰ ਜਾ ਕੇ ਵੋਟਾਂ ਮੰਗੀਆਂ ਹਨ- ਕੁਝ ਉਸੇ ਤਰ੍ਹਾਂ ਜਿਵੇਂ ਆਰਐੱਸਐੱਸ ਅਜੇ ਵੀ ਕਰਦੀ ਹੈ, ਜੋ ਕਾਂਗਰਸ ਕਰਨਾ ਭੁੱਲ ਗਈ ਹੈ ਅਤੇ ਜੋ ਆਮ ਆਦਮੀ ਪਾਰਟੀ ਨੇ ਇੱਕ ਵਾਰ ਪਹਿਲਾਂ ਕੀਤਾ ਸੀ।

ਜ਼ੋਹਰਾਨ ਦੀਆਂ ਕੁਝ ਟਿੱਪਣੀਆਂ ਸਪੱਸ਼ਟ ਤੌਰ 'ਤੇ ਤੱਥਾਂ ਆਧਾਰਿਤ ਘੱਟ ਪਰ ਸੁਣੀਆਂ-ਸੁਣਾਈਆਂ ਵੱਧ ਹਨ- ਅਤੇ ਹਾਂ, ਉਸ ਨੂੰ ਬਹੁਤ ਜਅ ?ਾਦਾ ਸਾਵਧਾਨ ਰਹਿਣ ਦੀ ਲੋੜ ਹੈ, ਭਾਵੇਂ ਉਹ ਹੁਣ 33 ਸਾਲਾਂ ਦਾ ਹੈ। ਮਿਸਾਲ ਵੱਜੋਂ ਉਸ ਨੇ ਪਿਛਲੇ ਮਹੀਨੇ ਕਿਹਾ ਸੀ ਕਿ 2002 ਦੇ ਗੁਜਰਾਤ ਦੰਗਿਆਂ ਵਿੱਚ ਐਨੇ ਮੁਸਲਮਾਨ ਮਾਰੇ ਗਏ ਸਨ ਕਿ 'ਲੋਕ ਹੁਣ ਇਹ ਯਕੀਨ ਵੀ ਨਹੀਂ ਕਰਦੇ ਕਿ ਸਾਡੀ ਕੋਈ ਹੋਂਦ ਬਚੀ ਹੈ।' (ਦਰਅਸਲ, ਗੁਜਰਾਤ ਵਿੱਚ 58 ਲੱਖ ਮੁਸਲਮਾਨ ਹਨ।) ਉਸ ਨੇ ਪ੍ਰਧਾਨ ਮੰਤਰੀ ਮੋਦੀ ਦੀ ਤੁਲਨਾ ਬੈਂਜਾਮਿਨ ਨੇਤਨਯਾਹੂ ਨਾਲ ਕੀਤੀ, ਜਿਨ੍ਹਾਂ ਨੂੰ ਉਸ ਨੇ 'ਜੰਗੀ ਅਪਰਾਧੀ' ਦੱਸਿਆ। (2022 ਵਿੱਚ, ਸੁਪਰੀਮ ਕੋਰਟ ਨੇ ਐੱਸਆਈਟੀ ਦੀ ਕਲੀਨ ਚਿੱਟ ਨੂੰ ਬਰਕਰਾਰ ਰੱਖਿਆ ਸੀ ਅਤੇ ਪ੍ਰਧਾਨ ਮੰਤਰੀ ਨੂੰ 2002 ਦੇ ਦੰਗਿਆਂ ਨਾਲ ਕਿਸੇ ਵੀ ਸਬੰਧ ਤੋਂ ਦੋਸ਼ਮੁਕਤ ਕਰ ਦਿੱਤਾ ਸੀ।)

ਮਿਜ਼ੋਰਮ ਵਰਗੇ ਰਾਜਾਂ 'ਚ ਖੂਨ-ਖਰਾਬੇ ਦੇ ਬਾਵਜੂਦ- ਭਾਰਤੀ ਹਵਾਈ ਸੈਨਾ ਨੇ 1966 ਵਿਚ ਭਾਰਤ ਤੋਂ ਵੱਖ ਹੋਣ ਲਈ ਲੜ ਰਹੇ ਮਿਜ਼ੋਆਂ 'ਤੇ ਹਮਲਾ ਕੀਤਾ- ਪਰ ਬਾਅਦ ਵਿੱਚ ਜੰਮੂ-ਕਸ਼ਮੀਰ, ਪੰਜਾਬ ਤੇ ਛੱਤੀਸਗੜ੍ਹ 'ਚ, ਭਾਰਤ ਸਰਕਾਰ ਨੇ ਆਪਣੇ ਹੀ ਲੋਕਾਂ ਵਿਰੁੱਧ ਵੱਡੇ ਪੱਧਰ 'ਤੇ ਜਨਤਕ ਹਿੰਸਾ ਕਰਨ ਤੋਂ ਗੁਰੇਜ਼ ਕੀਤਾ ਹੈ; ਛੱਤੀਸਗੜ੍ਹ ਵਿੱਚ ਵੀ ਕਾਂਗਰਸ ਸਰਕਾਰ ਨੇ 2005 ਵਿੱਚ ਖੱਬੇ-ਪੱਖੀ ਕੱਟੜਵਾਦ ਨੂੰ ਰੋਕਣ ਲਈ ਸ਼ੁਰੂ ਕੀਤੇ 'ਸਲਵਾ ਜੂਡਮ' ਚੌਕਸੀ ਮੁਹਿੰਮ ਨੂੰ ਇੱਕ ਬੁਰਾ ਵਿਚਾਰ ਮੰਨਦਿਆਂ ਛੱਡ ਦਿੱਤਾ ਸੀ। ਇਸ ਦਾ ਮੰਤਵ 'ਕਬਾਇਲੀਆਂ ਵੱਲੋਂ ਕਬਾਇਲੀਆਂ ਨੂੰ ਖਤਮ ਕਰਨਾ' ਸੀ। ਮਨੀਪੁਰ ਪਿਛਲੇ ਦੋ ਸਾਲਾਂ ਤੋਂ ਨਿਰੰਤਰ ਇੱਕ ਅਪਵਾਦ ਬਣਿਆ ਹੋਇਆ ਹੈ। ਤੇ ਫਿਰ ਵੀ ਜ਼ੋਹਰਾਨ ਬਾਰੇ ਕੁਝ ਖਾਸ ਜ਼ਰੂਰ ਹੈ। 2023 ਵਿੱਚ, ਨਿਊਯਾਰਕ ਸਟੇਟ ਅਸੈਂਬਲੀ ਦੇ ਮੈਂਬਰ ਵਜੋਂ, ਉਸ ਨੇ ਭਾਰਤੀ ਜੇਲ੍ਹ ਵਿੱਚ ਬੰਦ ਵਿਦਿਆਰਥੀ ਉਮਰ ਖਾਲਿਦ ਦੇ 'ਤਿਹਾੜ ਜੇਲ੍ਹ ਅੰਦਰਲੇ ਸੰਨਾਟੇ' ਸਬੰਧੀ ਨੋਟਸ ਪੜ੍ਹੇ- ਜਿੱਥੇ ਉਹ ਦਿੱਲੀ ਦੰਗਿਆਂ ਵਿੱਚ ਉਸ ਦੀ ਕਥਿਤ ਭੂਮਿਕਾ ਲਈ ਪਿਛਲੇ ਪੰਜ ਸਾਲਾਂ ਤੋਂ ਯੂਏਪੀਏ ਦੀਆਂ ਕਈ ਧਾਰਾਵਾਂ ਤਹਿਤ ਬੰਦ ਹੈ। ਅੱਜ ਖਾਲਿਦ ਨੂੰ ਕੈਦ ਕੀਤਿਆਂ 1749 ਦਿਨ ਹੋ ਗਏ ਹਨ, ਉਹ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਇਕੋ ਸੈੱਲ ਵਿੱਚ ਰਹਿ ਰਿਹਾ ਹੈ, ਪਰ ਅਜੇ ਤੱਕ ਇਸ ਨੌਜਵਾਨ ਵਿਰੁੱਧ ਦੋਸ਼ ਤੈਅ ਨਹੀਂ ਕੀਤੇ ਜਾ ਸਕੇ।

ਸ਼ਾਇਦ ਜ਼ੋਹਰਾਨ ਦੀ ਲਾਮਿਸਾਲ ਪ੍ਰਸਿੱਧੀ ਦਾ ਕੁਝ ਹਿੱਸਾ ਸਾਨੂੰ ਸਿਰਫ਼ ਇਸ ਗੱਲ ਦੀ ਯਾਦ ਦਿਵਾਉਂਦਾ ਹੈ ਕਿ ਕਿਸੇ ਵੇਲੇ ਅਸੀਂ ਕੀ ਸੀ- ਘੱਟ ਬੇਰਹਿਮ, ਵਧੇਰੇ ਬਹਾਦਰ ਅਤੇ ਆਪਣੇ ਸਮਾਜ ਨੂੰ ਵਧੇਰੇ ਸਮਾਨਤਾਵਾਦੀ ਬਣਾਉਣ ਲਈ ਦ੍ਰਿੜ। ਉਹ ਸਪੱਸ਼ਟ ਤੌਰ 'ਤੇ ਰੋਕਾਂ ਨੂੰ ਤੋੜਨਾ ਪਸੰਦ ਕਰਦਾ ਹੈ, ਜਿਵੇਂ ਕਿ ਰੌਬਰਟ ਫਰੌਸਟ ਨੇ ਇੱਕ ਵਾਰ ਇਹ ਸੋਚਦਿਆਂ-ਸੋਚਦਿਆਂ ਲਿਖਿਆ ਕਿ ਕੰਧਾਂ ਦੇ ਕੀ ਕੰਮ ਹਨ- ਇਹ ਕੀ ਬੰਦ ਕਰ ਰਹੀਆਂ ਸਨ, ਜਾਂ ਕੀ ਬਾਹਰ ਕੱਢ ਰਹੀਆਂ ਸਨ। ਉਹ ਖਿੜਕੀਆਂ ਖੋਲ੍ਹਣਾ ਅਤੇ ਹਵਾ ਦਾ ਆਰ-ਪਾਰ ਹੋਣਾ ਪਸੰਦ ਕਰਦਾ ਹੈ, ਜਿਵੇਂ ਕਿ ਖਿੜਕੀਆਂ ਦਾ ਇਹੀ ਕੰਮ ਹੈ।

ਸਾਲ 2020 ਵਿੱਚ 'ਵੋਗ ਇੰਡੀਆ' ਨਾਲ ਇੱਕ ਇੰਟਰਵਿਊ ਵਿੱਚ, ਨਿਊਯਾਰਕ ਅਸੈਂਬਲੀ ਦੇ ਮੈਂਬਰ ਬਣਨ ਤੋਂ ਤੁਰੰਤ ਬਾਅਦ, ਜ਼ੋਹਰਾਨ ਨੇ ਆਪਣੀ ਮੁਹਿੰਮ ਸ਼ੁਰੂ ਕਰਨ ਤੋਂ ਪਹਿਲਾਂ ਦੀ ਗੱਲ ਦੱਸੀ, ਜਦ ਉਸ ਨੂੰ 'ਘੱਟ ਦੇਸੀ' ਦਿਖਣ ਦੀ ਸਲਾਹ ਦਿੱਤੀ ਗਈ ਸੀ। ਇਸ ਦੀ ਬਜਾਏ, ਉਸ ਨੇ ਆਪਣੇ ਖੁਦ ਦੇ ਪਰਵਾਸੀ ਅਨੁਭਵ ਬਾਰੇ ਗੱਲ ਕੀਤੀ ਅਤੇ ਇਸ ਨੂੰ 'ਰੋਟੀ ਐਂਡ ਰੋਜਜ਼ਿ' ਕਿਹਾ। ਇੱਕ ਵੀਡੀਓ ਸੀ ਜਿਸ ਦਾ ਨਾਮ 'ਨਾਨੀ' ਸੀ, ਇੱਕ 'ਵੋਕ ਗ੍ਰੈਨੀ', ਜਿਸ ਵਿੱਚ ਸਟਾਰ ਮਧੁਰ ਜਾਫਰੀ ਸੀ। ਉਹ ਦੱਸਦਾ ਹੈ ਕਿ ਜਦੋਂ ਉਹ ਸ਼ਹਿਰ ਵਿੱਚ ਘੁੰਮਦਾ ਸੀ, ਤਾਂ ਮੀਸ਼ਾ ਸ਼ਫ਼ੀ, ਅਲੀ ਸੇਠੀ ਤੇ ਡਾ. ਜਓ ?ਸ ਨੂੰ ਸੁਣਦਾ ਸੀ।

ਸ਼ਾਇਦ ਇਹ ਗੱਲ ਕਿ ਉਹ ਥੋੜ੍ਹਾ ਜਿਹਾ ਏਦਾਂ ਦਾ ਤੇ ਥੋੜ੍ਹਾ ਜਿਹਾ ਓਦਾਂ ਦਾ ਹੋਣ ਵਿੱਚ ਬਿਲਕੁਲ ਸ਼ਰਮ ਮਹਿਸੂਸ ਨਹੀਂ ਕਰਦਾ ਤੇ ਇਹੀ ਗੱਲ ਜ਼ੋਹਰਾਨ ਨੂੰ ਮਨਮੋਹਕ ਬਣਾਉਂਦੀ ਹੈ। ਉਹ ਸਾਨੂੰ ਉਸ ਨਿਰੰਤਰ ਉਤਰਾਅ-ਚੜ੍ਹਾਅ ਦੀ ਯਾਦ ਦਿਵਾਉਂਦਾ ਹੈ ਜੋ ਭਾਰਤੀ ਉਪ-ਮਹਾਦੀਪ 'ਚ ਧਰਮ ਦੀ ਤਰ੍ਹਾਂ ਹੈ- ਅਹਮ ਬ੍ਰਹਮਾਸਮੀ, ਮੈਂ ਹੀ ਬ੍ਰਹਮ ਹਾਂ, ਇੱਕ ਅਜਿਹੇ ਫਲਸਫੇ ਦਾ ਵਿਚਾਰ ਜਿਸ ਵਿਚ ਲੜੀਵਾਰਤਾ ਨੂੰ ਰੱਦ ਕਰਨ, ਕਈ ਦੇਵਤਿਆਂ ਜਾਂ ਕਿਸੇ ਦੀ ਵੀ ਪੂਜਾ ਕਰਨ ਦੀ ਪ੍ਰਵਿਰਤੀ, ਵਿਰਾਸਤੀ ਜਾਤ, ਵਰਗ, ਲਿੰਗ ਦੁਆਰਾ ਪਰਿਭਾਸ਼ਿਤ ਹੋਣ ਤੋਂ ਇਨਕਾਰ ਕਰਨਾ ਸ਼ਾਮਲ ਹੈ।

ਜ਼ੋਹਰਾਨ ਦੇ ਪਿਤਾ ਨੇ ਇਸ ਹਫ਼ਤੇ 'ਨਿਊਯਾਰਕ ਟਾਈਮਜ਼' ਨੂੰ ਦੱਸਿਆ ਕਿ ਜਦੋਂ ਉਹ ਬਚਪਨ ਵਿੱਚ ਦੱਖਣੀ ਅਫਰੀਕਾ ਵਿੱਚ ਰਹਿੰਦੇ ਸਨ ਅਤੇ ਜ਼ੋਹਰਾਨ ਦੀ ਕਲਾਸ ਦੇ ਸਾਰੇ ਬੱਚਿਆਂ ਨੂੰ ਖ਼ੁਦ ਦੀ ਸ਼ਨਾਖਤ ਗੋਰੇ, ਕਾਲੇ ਜਾਂ ਹੋਰਨਾਂ ਰੰਗਾਂ ਦੇ ਬੱਚਿਆਂ ਵਜੋਂ ਕਰਨ ਲਈ ਕਿਹਾ ਗਿਆ ਸੀ, ਤਾਂ ਜ਼ੋਹਰਾਨ ਨੇ ਆਪਣੇ ਆਪ ਨੂੰ 'ਸਰ੍ਹੋਂ' ਰੰਗਾ ਦੱਸਿਆ। ਪੀਲਾ-ਖਿਚੜੀ ਵਿਚਲਾ ਹਲਦੀ ਦਾ ਰੰਗ। ਸ਼ਾਇਦ ਇਹ 'ਖਿਚੜੀ' ਦਾ ਵਿਚਾਰ ਹੀ ਅਸਲ ਵਿੱਚ ਭਾਰਤ ਦਾ ਵਿਚਾਰ ਹੈ, ਇੱਕ ਅਲੱਗ ਕਿਸਮ ਦਾ ਰਾਸ਼ਟਰ, ਅਪਾਰ ਵੰਨ-ਸਵੰਨਤਾ। ਜ਼ੋਹਰਾਨ ਕੇ. ਸਾਨੂੰ ਯਾਦ ਦਿਵਾ ਰਿਹਾ ਹੈ ਕਿ ਸੰਭਾਵਨਾਵਾਂ ਬੇਅੰਤ ਹਨ।




# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025


# "Transfer policy stuck in files: Teachers are waiting with bated breath"

## "Transfer Policy 2025: Results ready, but intentions incomplete! Teachers' hopes locked in sealed lockers"


ਪ੍ਰੀਤਨਾਮਾ ਖ਼ਰਾ ਸੱਚ

Dr. Satyawan Saurabh
Independent columnist and educationist, Hisar (Haryana)


"The characters change, the story remains the same: The Transfer Saga"

Teachers in Haryana are once again caught in confusion, rumours and incomplete information. Every morning in schools begins with tea and a discussion in the staffroom – "When will the transfers take place?" No one has an answer to this question, but everyone has a guess. Some say in August, some say after the cabinet, some believe that now that the session is in the middle, the department will not do anything. Everything seems to be stagnant, blurred and hanging in the balance.

The results of the examination conducted for teacher deployment in Model Sanskriti Vidyalayas and schools selected under the Pradhan Mantri Shri Yojana are ready. But the announcement is not being made because the Common Transfer Policy 2025 has not yet received cabinet approval. Here the question becomes imperative that before conducting the examination, was it not ensured that the policy has been made or what will be the time limit for its approval? If the result of the examination depends on the policy, then why was it taken earlier? Is this an administrative lapse or political delay?

Another argument being given for not declaring the results is that they are kept in sealed envelopes which no one has seen, so that no interference is possible. This tradition of "sealed honesty" on one hand shows that the department is pretending to be transparent and on the other hand it also makes it clear that the department itself is afraid of some possible 'game' with the results.

What makes this situation even more ridiculous is the department's double standards - when it creates a structure like SMC (School Management Committee) and then dissolves it within a month. This is the same department that has been talking about transfers since December and did not take any concrete steps until July. Every week a new order comes and the next week some other officer cancels it. This makes it clear that there is a complete lack of coordination in the department. Everyone is ready to take a "decision" at their own level, but there is no one to give direction to the education system.

The teachers have become mentally exhausted due to this confusion and opaqueness. In every school, the discussion revolves around this one issue – someone is getting the transfer file prepared, someone is getting the CCL form filled, someone is waiting for the result, and someone is trying to gather information from his contacts. There is a kind of mental tension and instability which is affecting the work of the teachers. In such a situation, it is worth thinking that the system on which the future generation is dependent has itself become unstable and confusing.

The reason behind this is not only the indecisiveness of the administration but also the neglect of political priorities. Governments are busy with elections, announcements and showy schemes but there is no clarity on basic needs like the teacher transfer policy. When teachers are mentally unstable, how will the education of children remain stable? In many districts of Haryana, the same teacher is teaching in two schools, some schools do not have subject experts, and on the other hand, those who should be transferred are stuck at the same place for years.

There was talk of an online transfer system based on MIS (Management Information System). But due to the lack of a policy, this system is also not able to be updated. Claims were made to make the processes transparent in the name of technology, but until the policy is made, everything is just a click away. This is a digital dream that has not yet come true.

Teachers were promoted, many positions became vacant. Now the question is whether transfers will happen after promotion? If yes, then how many more promotions are pending? There is no answer to these questions on the departmental website, there are only rumours in the WhatsApp groups of teachers' organizations. Not only this, according to an official of the department itself, the cabinet meeting is proposed in August. This means that the policy will come by the last week of August, by then the middle of the session will come. And then the same argument will be given that transfers should be postponed till the next session so that the studies of the children are not interrupted.

This cycle is repeated every year. The policy is not made, then it is said that the session is in between. Teachers are not able to plan themselves. Neither can they take CCL, nor can they prepare mentally whether they will get a transfer or not. The department is in a serious crisis – where files are moving but no decision is being taken.

Students suffer the most due to this confusion. When a teacher is waiting for a transfer for two years, his attention naturally shifts from teaching. There are many teachers who are working hundreds of kilometres away from home and are mentally disturbed due to family responsibilities. Will they be able to educate children with this mindset?

It is also true that politics has been going on in the name of transfers in Haryana for years. Sometimes there is nepotism in the transfer list, sometimes transfers are stopped before panchayat elections, sometimes names are added or removed at the behest of some leader. Transparency is talked about only in policy papers, there is no sign of it on the ground.

If the government and the department really want to take education reform seriously, they will have to take concrete steps to improve this situation. Firstly – a clear timeline should be given as to when the transfer policy will come. Second – confusion should not be spread about exam results until the policy comes. Third – departmental coordination should be increased so that after an order is issued, no other officer can cancel it. And most important – every process should be made trackable online.

Transfer is not a favour, it is the teacher's right. Presenting it as a "favour" is a derogatory attitude. Teachers are neither political workers nor part of any group. They are the foundation stones on which the future of society stands. And if the foundation itself is kept in uncertainty, how can the peak be strong?

This article is a request to the education department and the government to come out of this confusion, indecisiveness and administrative cowardice. Instead of keeping the transfer policy confined to files and lockers, it should be implemented on the ground. Because the teacher is tired now. And when the teacher is tired, the whole society becomes lethargic.

# Apple Invests $500 Million in U.S. Rare Earth Magnet Supply Amid China Tensions

Apple has struck a $500 million deal with MP Materials, a U.S.-based rare earth producer, to secure a domestic supply of magnets crucial for iPhone components. The move signals Apple's growing alignment with Washington's push to reduce reliance on China and strengthen the American tech supply chain. The agreement, announced Tuesday, ensures that key rare earth magnets used in iPhone vibration motors and other electronics will be manufactured at MP's Fort Worth, Texas, facility starting in 2027. These magnets will be produced using recycled materials from MP's Mountain Pass mine in California. Apple is pre-paying $200 million to MP as part of the deal to lock in supply amid increasing geopolitical instability. Apple CEO Tim Cook welcomed the deal, stating it would help reinforce America's technological resilience. "Rare earth materials are essential for making advanced technology, and this partnership will help strengthen the supply of these vital materials here in the United States," Cook said. Following the announcement, MP Materials' stock surged by 19 percent to a new high, while Apple's shares saw a modest 1 percent increase. This deal also follows a major investment by the U.S. Department of Defense in MP, making it the company's largest shareholder and financial backer.The agreement comes as the Trump administration pressures American tech firms to reduce their dependency on Chinese manufacturing. Although analysts believe full-scale iPhone production in the U.S. is unlikely due to cost and logistical factors, securing homegrown sources of rare earth elements marks a pivotal strategic shift. Rare earth metals, comprising 17 critical elements, are vital not just for consumer gadgets but also for military equipment, electric vehicles, and renewable energy infrastructure.

# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312 | Website: www.preetnama.com Email preetnamausa@gmail.com | 18 JULY TO 24 JULY ,2025


# Daughters murdered in the womb: Haryana's stifling sentiments

## Female foeticide: Not statistics, but a cry of sympathy

One thousand one hundred fifty four abortions in Haryana in just three months. Reason – suspicion of female foeticide. Show cause notices to fifty six ASHA workers. Lapse in monitoring system. Preparations for strict action with the help of post-testing system and police. But is this strictness enough? Until there is a change in the thinking of the society, family mentality and the ethics of medical institutions, no plan will be successful. To save a daughter, her birth will have to be made a matter of pride, not guilt.

On the land where women like Durga, Saraswati and Lakshmi are worshipped, daughters are still dying in the womb of their mothers. A recent report has again exposed the bitter truth of Haryana, where one thousand one hundred fifty four abortions were recorded in three months - the main reason behind most of them is the possibility of having a daughter.

This statistic is not just a number but a direct proof of the male-dominated thinking, discriminatory mindset and failure of governance and administration hidden within our society.

The government had deployed ASHA workers in the role of "saheli" to take health services to the grassroots level. Their duty was to regularly monitor pregnant women, look after their health, and support them by giving correct advice. But issuing show cause notices to 56 ASHA workers shows that there has been serious negligence in this monitoring system.

Were these activists deliberately negligent, or did they lack resources? Did they remain silent due to social pressure, fear or chaos? This deserves a thorough investigation, because mere punishment is not the solution, but a sensitive solution to this problem is necessary.

In our country, under the Pre-Conception and Pre-Natal Foetal Test (Prohibition of Testing the Sex of the Foetus) Act, sex determination of the foetus and abortion on the basis of sex is a punishable offence. But this Act has remained confined to papers only.

Illegal foetus testing centres, collusion of private medical centres, and sex determination and foeticide for the sake of money are still continuing unabated in many places in Haryana. The activities of the special squads and inspection teams formed to stop these centres have become mere formalities.

The Department of Health has announced a more stringent “post-testing system” for women who have abortions, particularly to increase surveillance of women who already have one or more daughters. The intention is positive, but if not implemented with sensitivity and respect, the move could itself become an attack on women's health rights and privacy.

Is this surveillance merely becoming a means of creating an atmosphere of fear? Or will the women who were forced to have abortions due to social pressure be made criminals instead of victims once again?

Slogans like "Beti Bachao, Beti Padhao" are only being written on walls or repeated in the speeches of leaders. The ground reality is that not only rural but also urban society still sees daughters as a burden. Daughters are still unwanted due to evil practices like dowry, security, respect and lineage.

Is mere sloganeering enough or is fundamental social change required


ਨਿਰਪੱਖਤਾ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖ਼ਰਾ ਸੱਚ
Priyanka Saurabh
7015375570
(Talk + Whatsapp)


in this direction?

The killing of daughters in the womb is not the responsibility of the mother or the family alone. It is a collective crime in which society, medical institutions, administrative system and all of us are involved.

When a woman is about to give birth to a daughter for the second or third time, the society makes fun of her mentality, eligibility and family status. This mentality forces the mother to not allow a girl child to be born next time – even if it costs a life. This huge problem will not be solved by mere notice, suspension and monitoring. For this, it is necessary to conduct women empowerment campaigns at the local level, implement incentive schemes for the birth of daughters, use of magazines, films and social media for public awareness, sensitize family heads, take strict punitive action against doctors who conduct gender tests, close down illegal foetus testing centres, and include education on gender equality in educational curriculum. Punishing ASHA workers is a superficial solution. The real question is — did they receive the necessary training, resources, timely remuneration and safety at work? Were the doctors who conducted illegal sex determination tests, the centres that conducted female foeticide, and the families who rejected the girl child — all held equally accountable? If mothers are to be given the right to take decisions, they must be given education, economic independence and social respect. A daughter will survive only when her mother considers herself capable and empowered. Today, there is a need to tell every mother - "You are not weak, there is a power growing in your womb."

The post-trial system and police pressure will only create an atmosphere of fear. Instead, if we give priority to dialogue, educate women about their rights, and develop a sense of respect for daughters in society – the results will be more lasting and positive.

One thousand one hundred and fifty four abortions are not just statistics. These are the script of a mass murder that was written only because the foetus was female. This is not just Haryana's but the entire India's moral defeat. As long as we continue to discriminate on the basis of gender, no policy, no plan, no monitoring system will prove effective.

If we really want to save our daughters, then first of all we have to change our thinking. We have to change our attitude before the law and compassion before the plan. Otherwise we are creating a society in which wombs will remain barren and the civilization will remain incomplete.

# NATO Chief Warns India, China, and Brazil Could Face Harsh Sanctions Over Russia Trade

NATO Secretary General Mark Rutte has issued a strong warning to nations continuing trade with Russia, singling out India, China, and Brazil as potential targets for severe secondary sanctions if a peace agreement is not reached in Ukraine within 50 days. Speaking to reporters after a meeting with U.S. senators in Washington, Rutte urged these countries to reconsider their commercial ties with Moscow in light of escalating pressure from the West. The warning comes a day after U.S. President Donald Trump announced a fresh military aid package for Ukraine and threatened to impose sweeping 100 percent tariffs on countries that continue to purchase Russian exports. “If you live now in Beijing or in Delhi, or you are the president of Brazil, you might want to take a look into this, because this might hit you very hard,” Rutte said, calling on these governments to push Russian President Vladimir Putin toward serious peace talks. Rutte encouraged leaders of the targeted nations to act quickly, saying, “Please make the phone call to Vladimir Putin and tell him that he has to get serious about peace talks, because otherwise this will slam back on Brazil, on India and on China in a massive way. U.S. Senator Thom Tillis voiced his support for Trump’s aggressive stance but raised concerns about the 50-day grace period, suggesting it could give Russia time to gain more territory and leverage before negotiations. He warned that any territorial gains Russia might secure during that window should be excluded from future peace deals.as part of a broader agreement reached with Trump, Rutte confirmed that the U.S. would begin a substantial shipment of military aid to Ukraine, with European allies covering much of the cost. The support package will include not only air defense systems but also missiles and ammunition, aimed at strengthening Ukraine’s position both defensively and offensively ahead of peace negotiations. When asked whether long-range missiles were included in the aid, Rutte said the full details were still being coordinated between the Pentagon, the Supreme Allied Commander in Europe, and Ukrainian military leaders. He emphasized that a range of weapons systems are under review to support Ukraine in both defensive and offensive operations.



# Preetnama

ਪ੍ਰੀਤਨਾਮਾ ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025


# Free Bus Service for Women: Relief or Rising Burden?



**Every journey has a purpose; every road has a price — What comes for free can sometimes cost the most.**

A few months ago, the Jammu and Kashmir government launched a much-talked-about free bus service for women — a move that many celebrated as progressive and empowering. For a region where mobility and safety for women have always been important issues, this step was seen as a milestone. However, like many well-intentioned welfare schemes, this one too deserves a closer look to understand its ground reality and long-term impact.

**A Personal Experience**

As a regular commuter who has mostly relied on government buses, I have always appreciated their relatively better service and comfort, even if the fare was slightly higher than that of local minibuses. After a tiring day at work, a guaranteed seat and a smoother ride make all the difference.

But since the introduction of the free bus service for women, this comfort has become rare. The buses are now packed beyond capacity. Finding a seat is next to impossible — and when a woman is seen standing, any man with a conscience feels morally compelled to vacate his seat.

What's more, many of the new users are employed women with decent salaries who previously used their own vehicles but now naturally prefer the free ride. As a result, the system is overloaded, leaving genuinely needy passengers — daily wage workers, students, the elderly — struggling for space and comfort.

**Who Benefits the Most?**

While the aim was to support women who need financial relief, the reality is that the biggest beneficiaries are salaried employees and middle-class commuters who can easily afford the fare. Meanwhile, women in remote areas or those who depend on local shared transport have seen little to no benefit, because government buses do not cover every village or interior route.

**More Pressure, Less Productivity**

In many government offices and institutions, it's now common to see women employees arriving late more often. Overcrowded buses, unpredictable schedules, and over-reliance on the free service have made punctuality suffer. This unspoken cost — reduced productivity — is hardly ever discussed when we talk about the success of such welfare schemes.

**Financial Burden on the Transport Department**

Free travel does not mean free service. Operational costs — fuel, maintenance, staff salaries — remain unchanged or even increase due to higher usage. The revenue loss has to be covered somehow — and it usually comes from taxpayers' money or by cutting funds from other areas in need. Over time, this can burden an already stretched transport department, leading to poorer services for everyone.

**What Could Be Better?**


ਪ੍ਰੀਤਨਾਮਾ ਖਰਾ ਸੱਚ

Aubaid Ahmad Akhoon
akhoon.aubaid@gmail.com


Nobody questions the intention behind the scheme. Women's safety and mobility must be strengthened. But we must also ask: Is this the most effective way? Instead of completely free rides, a subsidized fare could have ensured affordability without draining the department's finances. Or perhaps the same money could have been used to improve bus frequency, extend routes to remote areas, or invest in better infrastructure.

Some even argue that spending on uninterrupted power supply or subsidies for essential household items would benefit entire families, not just a segment of daily commuters.

**Bottom line**

Good governance is not just about launching popular schemes — it is about listening, observing, and course-correcting. Any welfare programme must evolve with honest feedback from the people it affects the most. Free bus travel might bring smiles today, but unchecked overcrowding, financial stress, and poor service tomorrow can wipe them out. Because in the end, everything comes at a cost — nothing is truly free. The price might not show up in the bus fare, but it surely appears elsewhere — in quality, efficiency, or sustainability.

The real measure of progress is not how much we can give away for free, but how wisely we spend public money so that relief reaches those who truly need it — without overburdening systems or compromising on quality. The same money could have improved bus frequency, extended routes to far-flung areas, or supported subsidies on electricity or household essentials — benefiting entire families, not just daily commuters.

In the end, a welfare state must strike a balance: thoughtful intentions must meet practical, sustainable execution. Only then can we call it real empowerment.

The comfort that comes for free often hides a heavier cost.


Contact: 9205000010 / 9205000016
Email: akhoon.aubaid@gmail.com


# Trump Says Firing Fed Chair Powell 'Highly Unlikely' Despite White House Rumors

President Donald Trump has walked back suggestions that he plans to fire Federal Reserve Chair Jerome Powell, calling such a move "highly unlikely" unless wrongdoing is involved. The clarification came Wednesday, just hours after reports surfaced that Trump had told Republican lawmakers he intended to remove Powell from his post. Speaking from the White House, Trump said, "We're not planning on doing it. I don't rule out anything, but I think it's highly unlikely— unless he has to leave for fraud." His comments contradicted accounts from a senior White House official who claimed Trump had received support from GOP members during an Oval Office meeting and indicated he would proceed with Powell's dismissal. That meeting, focused on stalled crypto regulation legislation, reportedly included Trump showing lawmakers a draft letter to fire Powell. While the Federal Reserve declined to comment, Powell has consistently maintained that the law does not allow a sitting president to remove the Fed chair at will. The news initially rattled markets, but investor confidence returned




following Trump's public denial. Legal precedent also appears to back Powell's position, with a recent Supreme Court ruling limiting presidential authority to unilaterally dismiss Fed officials. Despite the denial, political tensions remain high. Florida Republican Rep. Anna Paulina Luna fueled speculation on social media, claiming she was "99% sure" Powell's firing was imminent. Meanwhile, other Republicans, including Rep. French Hill and Treasury Secretary Scott Bessent, dismissed the likelihood of such a move. Trump has frequently criticized Powell for not cutting interest rates aggressively enough, accusing him and the Fed's board of political bias. Although Trump appointed Powell and two other board members, the president continues to push for significant rate cuts—up to 3 percentage points from the current 4.25%-4.5% range—far more than what the central bank is signaling for its next meeting. The tension between the White House and the Federal Reserve underscores the deepening political divide over monetary policy in the lead-up to key economic decisions and the ongoing 2025 presidential race.

# ਨਾਨਕ ਦੁਖੀਆ ਸਭ ਸੰਸਾਰ ...

ਅੱਜ ਜਦ ਵੀ ਸਾਡੇ ਸਮਾਜ ਅੰਦਰ ਕਿਸੇ ਵੀ ਇਨਸਾਨ ਦੀ ਦੁੱਖਾਂ ਭਰੀ ਕਹਾਣੀ ਦੀ ਗੱਲ ਚੱਲਦੀ ਹੈ ਤਾਂ ਸਾਨੂੰ ਸਾਰਿਆਂ ਨੂੰ ਇੰਝ ਪ੍ਰਤੀਤ ਹੁੰਦਾ ਜਿਵੇਂ ਅਸੀਂ ਇਕੱਲੇ ਹੀ ਬਹੁਤ ਦੁਖੀ ਹੋਈਏ ।ਪਰ ਅਸਲ ਵਿੱਚ ਇਹ ਗੱਲ ਨਹੀਂ ਹੈ ।ਹਰ ਇਨਸਾਨ ਦੀ ਅੱਜ ਦੇ ਸਮੇਂ ਅੰਦਰ ਦੁੱਖਾਂ ਦੀ ਕਹਾਣੀ ਬਹੁਤ ਲੰਬੀ ਹੈ । ਬਹੁਤ ਦੁਨੀਆ ਦੁੱਖਾਂ ਨਾਲ ਜੂਝ ਰਹੀ ਹੈ ।ਬਹੁਤ ਦੁਨੀਆ ਬਿਮਾਰੀਆਂ ਦੇ ਨਾਲ ਜੂਝ ਰਹੀ ਹੈ ਕਿਸੇ ਨੂੰ ਗਰੀਬੀ ਦਾ ਫਿਕਰ ਹੈ ।ਕਿਸੇ ਨੂੰ ਅਮੀਰੀ ਦੇ ਪੈਸੇ ਸਾਂਭਣ ਦਾ ਫਿਕਰ ਵੱਢ ਵੱਢ ਖਾਈ ਜਾ ਰਿਹਾ ਹੈ ।ਕੋਈ ਕਰਜੇ ਨੂੰ ਲੈ ਕੇ ਪ੍ਰੇਸ਼ਾਨ ਹੈ ।ਕੋਈ ਔਲਾਦ ਦੇ ਹੱਥੋਂ ਬੇਬਸ ਹੈ ।ਕੋਈ ਹਸਪਤਾਲ ਦੇ ਵਿੱਚ ਬਿਮਾਰੀ ਦੇ ਨਾਲ ਜਿੰਦਗੀ ਮੌਤ ਦੀ ਲੜਾਈ ਲੜ ਰਿਹਾ ਹੈ ।ਕੋਈ ਸੜਕ ਤੇ ਭੀਖ ਮੰਗ ਰਿਹਾ ਹੈ ।ਕੋਈ ਕੋਟ ਕਚਹਿਰੀਆਂ ਦੇ ਚੱਕਰ ਕੱਟ ਰਿਹਾ ਹੈ ।ਕੋਈ ਪਰਿਵਾਰਾਂ ਦੇ ਵਿੱਚ ਵੱਡੇ ਤੋਂ ਵੱਡੇ ਮਸਲੇ ਬਣਾ ਕੇ ਅਦਾਲਤਾਂ ਦੇ ਕੇਸ ਦਾ ਸਾਹਮਣਾ ਕਰਦਾ ਕਰਦਾ ਜਿੰਦਗੀ ਨੂੰ ਅਲਵਿਦਾ ਆਖ ਜਾਂਦਾ ਹੈ ।

ਬਹੁਤ ਸਾਰੇ ਲੋਕ ਬਿਮਾਰੀਆਂ ਤੋਂ ਪੀੜਤ ਹੋ ਕੇ ਜ਼ਿੰਦਗੀ ਤਿਆਗ ਦਿੰਦੇ ਹਨ ਸਾਡੇ ਸਮਾਜ ਅੰਦਰ ਅਜਿਹੇ ਇਨਸਾਨਾਂ ਦੀ ਵੀ ਕਮੀ ਨਹੀਂ ਜਿਹੜੇ ਆਪਣਿਆਂ ਦਾ ਕਰਦੇ ਕਰਦੇ ਪਾਰ ਢੋਂਦੇ ਢੋਂਦੇ ਸਮਾਜ ਦੇ ਅੰਦਰ ਸਮਾਂ ਬਤੀਤ ਕਰਦੇ ਹਨ ਪਰ ਜਦ ਉਨ੍ਹਾਂ ਦੀ ਬਦਲੇ ਦੇ ਵਿੱਚ ਪਰਿਵਾਰ ਤੋਂ ਕੁਝ ਲੈਣ ਦੀ ਵਾਰੀ ਆਉਂਦੀ ਹੈ ਤਾਂ ਪਰਿਵਾਰ ਉਸ ਨੂੰ ਠੇਗਾ ਵਿਖਾ ਦਿੰਦਾ ਹੈ ।ਇਹ ਰੀਤ ਇਹ ਰਿਵਾਜ਼ ਇਹ ਸਭ ਕੁਝ ਇਹ ਵਰਤਾਰਾ ਸਦੀਆਂ ਤੋਂ ਚੱਲਦਾ ਆਇਆ ਹੈ ਮੇਰੇ ਕਹਿਣ ਦਾ ਭਾਵ ਹੈ ਕਿ ਇਸ ਸੰਸਾਰ ਉੱਤੇ ਅਸੀਂ ਇਕੱਲੇ ਹੀ ਦੁਖੀ ਨਹੀਂ ਹਾਂ ਗੁਰਬਾਣੀ ਦਾ ਕਥਨ ਹੈ 'ਨਾਨਕ ਦੁਖੀਆ ਸਭ ਸੰਸਾਰ' ।ਸੋ ਉਸ ਕਥਨ ਨੂੰ ਵੇਖਦੇ ਹੋਏ ਦੁਖੀ ਇਨਸਾਨਾਂ ਦੀ ਵੱਡੀ ਭੀੜ ਹੈ ।ਅੱਜ ਸਾਡੇ ਸਮਾਜ ਦੇ ਅੰਦਰ ਚਾਰੇ ਪਾਸੇ ਆਲਮ ਇੱਕੋ ਜਿਹਾ ਹੈ ਹਸਪਤਾਲਾਂ ਅੰਦਰ ਚਲੇ ਜਾਈਏ ਤਾਂ ਬਿਮਾਰੀ ਦੇ ਨਾਲ ਕਰਾਉਂਦੇ ਮਰੀਜ਼ਾਂ ਦੇ ਦਰਸ਼ਨ ਸਾਨੂੰ ਆਮ ਹੋ ਜਾਂਦੇ ਹਨ ਉਸ ਤੋਂ ਬਾਅਦ ਮੇਲਿਆਂ ਤੇ ਵੀ ਭਾਰੀ ਇਕੱਠ ਹੈ।ਸੜਕਾਂ ਤੇ ਵੀ ਲੱਗੀ ਭੀੜ ਸਾਨੂੰ ਕਿਸੇ ਦੂਜੀ ਦੁਨੀਆ ਦਾ ਭੁਲੇਖਾ ਪਾਉਂਦੀ ਹੈ ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸਿੰਦਰ ਸਿੰਘ ਮੀਰਪੁਰੀ
ਫੋਨ - 5592850841

ਹਸਪਤਾਲ ਦੇ ਵਿੱਚ ਜਾ ਕੇ ਸਾਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਸਾਰੀ ਦੁਨੀਆ ਇੱਥੇ ਹੀ ਹੈ ।ਸਾਰੀ ਦੁਨੀਆ ਬਿਮਾਰ ਹੈ ਪਰ ਅਸਲ ਵਿੱਚ ਦੁਨੀਆਂ ਐਡੀ ਵੱਡੀ ਹੈ ਕਿ ਅਸੀਂ ਆਪ ਉਸ ਦੇ ਵਿੱਚ ਗੁਆਚ ਕੇ ਛੋਟੇ ਹੋ ਜਾਂਦੇ ਹਾਂ । ਦੁਨੀਆਂ ਕੋਈ ਛੋਟੀ ਨਹੀਂ ਹੈ ਇਕ ਮੇਲਾ ਹੈ ।ਸਭ ਜਗ ਚਲਣਹਾਰ ਹੈ ਪਰ ਅਸੀਂ ਸ਼ਾਇਦ ਇਸ ਗੱਲ ਨੂੰ ਸਮਝਣ ਤੋਂ ਅਸਮਰਥਾਂ ਕਿ ਇੱਥੇ ਕਿਸੇ ਨੇ ਰਹਿ ਨਹੀਂ ਜਾਣਾ ਸਾਰਿਆਂ ਨੇ ਆਪੋ ਆਪਣੀ ਬਾਰੀ ਤੁਰ ਜਾਣਾ ਹੈ ।ਹਸਪਤਾਲਾਂ ਦੇ ਅੰਦਰ ਦਰਦ ਨਾਲ ਰੀਗਦੇ ਲੋਕਾਂ ਦੀ ਤਸਵੀਰ ਬਹੁਤ ਵਾਰ ਮਨ ਦੇ ਅੰਦਰ ਮਾੜੇ ਖਿਆਲ ਲਿਆਉਂਦੀ ਹੈ ਪਰ ਕੀ ਕਰ ਸਕਦੇ ਹਾਂ ਮਾਲਕ ਸਭ ਦਾ ਰਾਖਾ ਹੈ ਮਾਲਕ ਨੇ ਜੋ ਕਰਨਾ ਹੈ ਉਸਨੇ ਕਰਨਾ ਹੈ ।ਪਰ ਗੱਲ ਇੱਥੇ ਆ ਕੇ ਮੁੱਕ ਜਾਂਦੀ ਹੈ ਕਿ ਸਾਨੂੰ ਆਪ ਦਾ ਦੁੱਖ ਸਾਰਿਆਂ ਤੋਂ ਵੱਡਾ ਲੱਗਦਾ ਹੈ ਇਸ ਤਰ੍ਹਾਂ ਨਹੀਂ ਹੈ ।ਦੁੱਖ ਸਾਰਿਆਂ ਦੇ ਵੱਡੇ ਹਨ ।ਹੋ ਸਕਦਾ ਸਾਨੂੰ ਦੂਜੇ ਜਿੱਡਾ ਦੁੱਖ ਨਾ ਹੋਵੇ ਤੇ ਅਸੀਂ ਆਪਦਾ ਰੌਲਾ ਆਪ ਜਾਣ ਬੁੱਝ ਕੇ ਪਾਉਂਦੇ ਹੋਈਏ ।ਅਸੀਂ ਇਹ ਸੋਚੀਏ ਕਿ ਸਾਰਿਆਂ ਦੇ ਦੁੱਖ ਸਾਡੇ ਨਾਲੋਂ ਵੱਡੇ ਹਨ ਗੱਲ ਤਾਂ ਫਿਰ ਮੁੱਕਦੀ ਹੈ ।

? ? ? ਸਮੱਸਥ ਸੰਸਾਰ ਅੰਦਰ ਦੁੱਖਾਂ ਦੀ ਕੋਈ ਕਮੀ ਨਹੀਂ ਬਹੁਤ ਲੋਕ ਵੱਡੇ ਦੁੱਖਾਂ ਦੇ ਨਾਲ ਇਸ ਦੁਨੀਆਂ ਨੂੰ ਸੜ ਰਹੇ ਹਨ ਖਾਸ ਕਰਕੇ ਕੈਂਸਰ ਦੀ ਭਿਆਨਕ ਬਿਮਾਰੀ ਨੇ ਦੁਨੀਆ ਦਾ ਜਿਉਣਾ ਦੂਭਰ ਕੀਤਾ ਹੋਇਆ ਹੈ ।ਹੈਰਾਨੀ ਦਾ ਇੱਕ ਤੱਥ ਇਹ ਵੀ ਅਹਿਮ ਹੈ ਕਿ ਕੈਂਸਰ ਦਾ ਕੋਈ ਇਲਾਜ ਵੀ ਨਹੀਂ ਹੈ ਹਸਪਤਾਲ ਭਰੇ ਪਏ ਹਨ ਪਰ ਕੀ ਕੀਤਾ ਜਾ ਸਕਦਾ ਹੈ ਗਰੀਬ ਬੰਦੇ ਦੀ ਕੋਈ ਜੂਨ ਨਹੀਂ ਹੈ ।ਗੱਲ ਕਰ ਰਹੇ ਸੀ ਦੁੱਖਾਂ ਦੀ ।ਗੁਰੂ ਸਾਹਿਬ ਨੇ ਸਪਸ਼ਟ ਆਖਿਆ ਕਿ ਦੁੱਖ ਇੱਕ ਤੋਂ ਇੱਕ ਪਏ ਹਨ ਕੋਈ ਰੌਲਾ ਜਿਆਦਾ ਪਾ ਰਿਹਾ ਹੈ ਕੋਈ ਥੋੜਾ ਪਾ ਰਿਹਾ ਹੈ।ਦੁੱਖ ਸਾਰਿਆਂ ਨੂੰ ਹਨ ਅਸੀਂ ਕਿਸੇ ਦਾ ਦੁੱਖ ਸੁਣ ਕੇ ਤਾਂ ਵੇਖੀਏ ।ਸਾਨੂੰ ਪਤਾ ਲੱਗ ਜਾਵੇਗਾ ਕਿ ਦੁੱਖ ਕੀ ਹੁੰਦਾ ਹੈ ।ਦੁੱਖ ਉਸ ਨੂੰ ਪੁਛ ਕੇ ਵੇਖੋ ਜਿਸ ਦੇ ਕੋਲ ਇਲਾਜ ਕਰਵਾਉਣ ਲਈ ਪੈਸੇ ਨਹੀਂ ਹਨ । ਜਿਸ ਦੇ ਕੋਲ ਬੱਚੇ ਪੜਾਉਣ ਲਈ ਪੈਸੇ ਨਹੀਂ ਹਨ ।ਜਿਸ ਦੇ ਕੋਲ ਦਵਾਈ ਲੈਣ ਲਈ ਪੈਸੇ ਨਹੀਂ ਹਨ ।ਜਿਸ ਦੇ ਕੋਲ ਰੋਟੀ ਖਾਣ ਲਈ ਪੈਸੇ ਨਹੀਂ ਹਨ ਅਸੀਂ ਤਾਂ ਐਵੇਂ ਰੌਲਾ ਪਾ ਰਹੇ ਹਾਂ ।ਕਹਿੰਦੇ ਇੱਕ ਵਾਰ ਕਿਸੇ ਵਿਦੇਸ਼ੀ ਵਸਦੇ ਸੱਜਣ ਨੇ ਆਪਣਾ ਸਾਰਾ ਪਰਿਵਾਰ ਬਾਹਰ ਬੁਲਾ ਲਿਆ ਸਮਾਂ ਬੀਤਦਾ ਗਿਆ ।ਪਰਿਵਾਰ ਨੇ ਬਹੁਤ ਕਮਾਈ ਕੀਤੀ ਸਾਰਿਆਂ ਨੇ ਆਪੋ ਆਪਣੇ ਘਰ ਪਰਿਵਾਰ ਸਾਂਭ ਲਏ ।ਕਰੋੜਾਂ ਰੁਪਿਆ ਕਮਾ ਲਿਆ ।ਅੰਤ ਜਿਸ ਵਿਅਕਤੀ ਨੇ ਸਾਰੇ ਪਰਿਵਾਰ ਨੂੰ ਬਾਹਰ ਬੁਲਾਇਆ ਸੀ ਉਹ ਸਮਾਂ ਪਾ ਕੇ ਬਿਮਾਰ ਪੈ ਗਿਆ । ਹਸਪਤਾਲ ਦੇ ਅੰਦਰ ਚਲਿਆ ਗਿਆ ।ਲੰਬਾ ਸਮਾਂ ਦਾਖਲ ਰਿਹਾ ਹਸਪਤਾਲ ਦੇ ਵਿੱਚ ਸਿਰਫ ਦੋ ਜਾਣੇ ਸਨ ਬਿਮਾਰ ਇਨਸਾਨ ਅਤੇ ਉਸਦੀ ਪਤਨੀ ਸਾਰਾ ਪਰਿਵਾਰ ਸਾਥ ਛੱਡ ਗਿਆ ।ਕਰੋੜਾਂ ਦੀ ਸੰਪਤੀ ਦਾ ਮਾਲਕ ਕੱਖਾਂ ਦਾ ਹੋ ਕੇ ਰਹਿ ਗਿਆ ।ਕਿਸੇ ਨੇ ਉਸ ਦਾ ਹਾਲ ਨਾ ਪੁੱਛਿਆ ।ਜੋ ਹਾਲਾਤ ਉਸ ਦੇ ਬਣੇ ਉਹ ਭਿਆਨਕ ਸਨ ਇਕੱਲਾ ਹੀ ਹਸਪਤਾਲ ਦੇ ਵਿੱਚ ਜ਼ਿੰਦਗੀ ਮੌਤ ਦੀ ਲੜਾਈ ਲੜਦਾ ਰਿਹਾ ਕਿਸੇ ਨੇ ਖਬਰ ਤੱਕ ਨਾ ਲਈ ਉਸ ਦਾ ਦੁੱਖ ਪੁਛ ਕੇ ਵੇਖੋ ਕੀ ਬਣਦਾ ਹੈ ।ਕੀ ਉਸ ਬੰਦੇ ਦਾ ਦੁੱਖ ਸੋਟਾ ਹੋਵੇਗਾ ਜਿਸ ਨੂੰ ਸਾਰੇ ਸਡ ਗਏ ਅਤੇ ਕੱਲਾ ਜ਼ਿੰਦਗੀ ਮੌਤ ਦੀ ਲੜਾਈ ਲੜਦਾ ਰਿਹਾ ।ਇਸ ਕਰਕੇ ਗੁਰੂ ਸਾਹਿਬ ਨੇ ਸੱਚ ਕਿਹਾ ਹੈ ਕਿ ਨਾਨਕ ਦੁਖੀਆ ਸਭ ਸੰਸਾਰ ।ਇਸ ਲਈ ਕਿਸੇ ਵੀ ਇਨਸਾਨ ਨੂੰ ਦੇ ਨਾਲ ਜਦ ਕੋਈ ਠੱਗੀ ਧੋਖਾ ਲੜਾਈ ਜਾਂ ਉਸ ਨੂੰ ਜ਼ਿੰਦਗੀ ਦੇ ਅੰਦਰ ਦੁੱਖ ਆਉਂਦਾ ਹੈ ਤਾਂ ਕਦੇ ਵੀ ਘਬਰਾਉਣਾ ਨਹੀਂ ਚਾਹੀਦਾ ।ਕਿਉਂਕਿ ਇਹ ਉਸਦੇ ਇਕੱਲੇ ਨਾਲ ਨਹੀਂ ਹੋ ਰਿਹਾ ।?ਸਗੋਂ ਇਹ ਤਾਂ ਦੁਨੀਆਂ ਦਾ ਦਸਤੂਰ ਹੈ ।ਦੁਨੀਆਂ ਧੋਖਾ ਕਰਦੀ ਹੈ ਠੱਗੀਆਂ ਮਾਰਦੀ ਹੈ ।ਦੁੱਖ ਦਿੰਦੀ ਹੈ ਪਰ ਇਹ ਸਾਡੇ ਇਕੱਲਿਆਂ ਨਾਲ ਨਹੀਂ ਹੋ ਰਿਹਾ ।ਇਹ ਤਾਂ ਦੁਨੀਆਂ ਦਾ ਇੱਕ ਬਹੁਤ ਵੱਡਾ ਹਿੱਸਾ ਹੈ ।ਦਸਤੂਰ ਹੈ ।ਜੋ ਪਿਛਲੇ ਲੰਬੇ ਸਮੇਂ ਤੋਂ ਚੱਲਦਾ ਆਇਆ ਹੈ ਕਦੇ ਵੀ ਕਿਸੇ ਇਨਸਾਨ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਦੁੱਖ ਸਿਰਫ ਮੇਰੇ ਇਕੱਲੇ ਦੇ ਹਿੱਸੇ ਹਨ ਬਹੁਤ ਲੋਕਾਂ ਦੇ ਪਰਿਵਾਰ ਸਾਥ ਛੱਡ ਜਾਂਦੇ ਹਨ ।ਇਮਾਨਦਾਰੀ ਨਾਲ ਜ਼ਿੰਦਗੀ ਨਿਭਾਉਂਦਿਆਂ ਨਿਭਾਉਂਦਿਆਂ ਨੂੰ ਦੁੱਖਾਂ ਦੀ ਮੁਸੀਬਤ ਆਣ ਪੈਂਦੀ ਹੈ ਪਰ ਇਹ ਕੁਦਰਤ ਦਾ ਦਸਤੂਰ ਹੈ ਸਾਨੂੰ ਸਾਰਿਆਂ ਨੂੰ ਇਸ ਦਸਤੂਰ ਨੂੰ ਭਾਣਾ ਮੰਨ ਕੇ ਮੰਨਣਾ ਚਾਹੀਦਾ ਹੈ ਗੁਰੂ ਸਾਹਿਬ ਨੇ ਬਿਲਕੁਲ ਸੱਚ ਕਿਹਾ ਹੈ ਕਿ ਨਾਨਕ ਦੁਖੀਆ ਸਭ ਸੰਸਾਰ ।ਆਓ ਗੁਰੂ ਸਾਹਿਬ ਦੇ ਫਲਸਫੇ ਅਨੁਸਾਰ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰੀਏ ।

# ਸਾਇੰਸ ਸਿਟੀ-ਉੱਭਰਦੇ ਵਿਗਿਆਨੀਆਂ ਲਈ ਸਿੱਖਣ ਦਾ ਇੱਕ ਸ਼ਾਨਦਾਰ ਸਰੋਤ





ਹਾਲ ਹੀ ਵਿੱਚ ਮੈਨੂੰ ਕਪੂਰਥਲਾ ਵਿੱਚ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦਾ ਦੌਰਾ ਕਰਨ ਦਾ ਮੌਕਾ ਮਿਲਿਆ, ਜੋ ਵਿਗਿਆਨ ਅਤੇ ਤਕਨਾਲੋਜੀ ਵਿੱਚ ਇੰਟਰਐਕਟਿਵ ਅਤੇ ਦਿਲਚਸਪ ਸਿੱਖਣ ਦੇ ਅਨੁਭਵ ਪ੍ਰਦਾਨ ਕਰਕੇ ਵਿਦਿਆਰਥੀਆਂ ਲਈ ਇੱਕ ਕੀਮਤੀ ਸਰੋਤ ਵਜੋਂ ਕੰਮ ਕਰਦਾ ਹੈ। ਇਹ ਪ੍ਰਦਰਸ਼ਨੀਆਂ ਅਤੇ ਗਤੀਵਿਧੀਆਂ ਰਾਹੀਂ ਰਸਮੀ ਸਿੱਖਿਆ ਨੂੰ ਪੂਰਕ ਬਣਾਉਂਦਾ ਹੈ, ਜੋ ਵਿਗਿਆਨਕ ਉਤਸੁਕਤਾ ਅਤੇ ਦੁਨੀਆ ਦੀ ਡੂੰਘੀ ਸਮਝ ਨੂੰ ਉਤਸ਼ਾਹਿਤ ਕਰਦੇ ਹਨ।

ਆਓ ਸਾਇੰਸ ਸਿਟੀ ਜਾਣ ਦੇ ਕੁਝ ਫਾਇਦਿਆਂ 'ਤੇ ਚਰਚਾ ਕਰੀਏ।, ਪੰਜਾਬ ਸਰਕਾਰ 8ਵੀਂ ਤੋਂ 10ਵੀਂ ਜਮਾਤ ਦੇ ਵਿਦਿਆਰਥੀਆਂ ਲਈ ਸਾਲ ਭਰ ਸਾਇੰਸ ਸਿਟੀ ਦੇ ਟੂਰ ਦਾ ਮੌਕਾ ਦਿੰਦੀ ਹੈ। ਸਾਇੰਸ ਸਿਟੀ ਹੱਥੀਂ ਪ੍ਰਦਰਸ਼ਨੀਆਂ ਅਤੇ ਇੰਟਰਐਕਟਿਵ ਡਿਸਪਲੇ ਪੇਸ਼ ਕਰਦਾ ਹੈ, ਜੋ ਵਿਦਿਆਰਥੀਆਂ ਨੂੰ ਵਿਗਿਆਨਕ ਸੰਕਲਪਾਂ ਨੂੰ ਮਜ਼ੇਦਾਰ ਅਤੇ ਦਿਲਚਸਪ ਤਰੀਕੇ ਨਾਲ ਖੋਜਣ ਦੀ ਆਗਿਆ ਦਿੰਦੇ ਹਨ।

ਇਹ ਵਿਗਿਆਨਕ ਸਿਧਾਂਤਾਂ ਦੇ ਵਿਹਾਰਕ ਪ੍ਰਦਰਸ਼ਨਾਂ ਅਤੇ ਅਸਲ-ਸੰਸਾਰ ਦੀਆਂ ਉਦਾਹਰਣਾਂ ਪ੍ਰਦਾਨ ਕਰਕੇ ਕਲਾਸਰੂਮ ਸਿੱਖਿਆ ਲਈ ਇੱਕ ਕੀਮਤੀ ਪੂਰਕ ਵਜੋਂ ਕੰਮ ਕਰਦਾ ਹੈ। ਇਸ ਤੋਂ ਇਲਾਵਾ, ਵਿਗਿਆਨ ਅਤੇ ਤਕਨਾਲੋਜੀ ਵਿੱਚ ਤਰੱਕੀ ਦਾ ਪ੍ਰਦਰਸ਼ਨ ਕਰਕੇ, ਸਾਇੰਸ ਸਿਟੀ ਦਾ ਉਦੇਸ਼ ਵਿਦਿਆਰਥੀਆਂ ਨੂੰ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (STEM) ਖੇਤਰਾਂ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰਨਾ ਹੈ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸ਼ੈਫੀ ਮੱਕੜ
(ਮੋਬਾਇਲ 9855560303)

ਇੱਕ ਗੱਲ ਜੋ ਮੈਨੂੰ ਬਹੁਤ ਵਧੀਆ ਲੱਗਦੀ ਹੈ ਕਿ ਸਾਇੰਸ ਸਿਟੀ ਦੇ ਇਹ ਸੈਰ ਸਪਾਟੇ ਵਿਦਿਆਰਥੀ ਮਨਾ ਵਿੱਚ ਵਿਗਿਆਨਿਕ ਸੁਭਾਅ ਅਤੇ ਪੁੱਛਗਿੱਛ ਦੀ ਭਾਵਨਾ ਪੈਦਾ ਕਰਨ ਵਿੱਚ ਬਹੁਤ ਮਦਦਗਾਰ ਸਾਬਿਤ ਹੁੰਦੇ ਹਨ। ਕਪੂਰਥਲਾ ਵਿਖੇ ਸਾਇੰਸ ਸਿਟੀ ਵਾਤਾਵਰਣ ਸਿੱਖਿਆ 'ਤੇ ਵੀ ਕੇਂਦ੍ਰਿਤ ਹੈ, ਵੱਖ-ਵੱਖ ਪ੍ਰਦਰਸ਼ਨੀਆਂ ਅਤੇ ਗਤੀਵਿਧੀਆਂ ਰਾਹੀਂ ਸਥਿਰਤਾ, ਸੰਭਾਲ ਅਤੇ ਵਾਤਾਵਰਣ ਸੰਤੁਲਨ ਬਾਰੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਦਾ ਹੈ। ਇਸ ਵਿੱਚ ਇੱਕ ਡਾਇਨਾਸੌਰ ਪਾਰਕ, ਉਡਾਣ ਅਤੇ ਭੂਚਾਲ ਸਿਮੂਲੇਟਰ, ਇੱਕ ਡਿਜੀਟਲ ਪਲੈਨੇਟੇਰੀਅਮ, ਅਤੇ ਇੱਕ ਜਲਵਾਯੂ ਪਰਿਵਰਤਨ ਥੀਏਟਰ ਵਰਗੇ ਵਿਲੱਖਣ ਆਕਰਸ਼ਣ ਹਨ, ਜੋ ਸਿੱਖਣ ਦੇ ਅਨੁਭਵਾਂ ਦੀ ਇੱਕ ਵਿਭਿੰਨ ਸ਼੍ਰੇਣੀ ਪ੍ਰਦਾਨ ਕਰਦੇ ਹਨ।

ਸਾਇੰਸ ਸਿਟੀ ਵੱਲੋਂ ਸਮੇਂ-ਸਮੇਂ 'ਤੇ ਵਿਗਿਆਨ ਅਤੇ ਤਕਨਾਲੋਜੀ ਨਾਲ ਸਬੰਧਤ ਰੁਝਾਨਾਂ ਵਾਲੇ ਵਿਸ਼ਿਆਂ 'ਤੇ ਵੱਖ-ਵੱਖ ਵਰਕਸ਼ਾਪਾਂ ਅਤੇ ਸਮਾਗਮਾਂ ਦਾ ਆਯੋਜਨ ਵੀ ਕੀਤਾ ਜਾਂਦਾ ਹੈ। ਸਿੱਟੇ ਵਜੋਂ, ਸਾਇੰਸ ਸਿਟੀ ਨੌਜਵਾਨਾਂ ਨੂੰ ਰਸਮੀ ਸਿੱਖਿਆ ਨੂੰ ਪੂਰਕ ਬਣਾਉਣ ਦੇ ਗੈਰ-ਰਸਮੀ ਤਰੀਕਿਆਂ ਦੀ ਪੜਚੋਲ ਕਰਨ ਦਾ ਮੌਕਾ ਪ੍ਰਦਾਨ ਕਰਨ ਲਈ ਇੱਕ ਜਗ ?ਹਾ ਹੈ।

ਇਸ ਤੋਂ ਇਲਾਵਾ ਇਹ ਬੱਚਿਆਂ ਬਾਲਗਾਂ ਆਮ ਲੋਕਾਂ ਅਤੇ ਵੱਡੇ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਲੈਸ ਸਰੋਤ ਕੇਂਦਰ ਦਾ ਅਨੁਭਵ ਕਰਨ ਲਈ ਵਧੀਆ ਰਸਤੇ ਪ੍ਰਧਾਨ ਕਰਕੇ ਸਾਇੰਸ ਅਤੇ ਟੈਕਨੋਲੋਜੀ ਵਿੱਚ ਨਵੀਆਂ ਹੋ ਰਹੀਆਂ ਕਾਢਾਂ ਬਾਰੇ ਜਾਣੂ ਕਰਾਉਂਦੀ ਹੈ ਇਹ ਨੈਨੋ-ਤਕਨਾਲੋਜੀ, ਮਾਈਕ੍ਰੋ-ਮਸ਼ੀਨਾਂ, ਲੇਵੀਟੇਸ਼ਨ, ਜੀਨੋਮਿਕਸ ਆਦਿ ਵਰਗੀਆਂ ਉੱਭਰ ਰਹੀਆਂ ਤਕਨਾਲੋਜੀਆਂ ਦਾ ਪ੍ਰਦਰਸ਼ਨ ਕਰਨ ਦਾ ਸਰੋਤ ਵੀ ਹਨ।

ਇਹ ਵਿਦਿਆਰਥੀਆਂ ਨੂੰ ਨਵੇਂ ਉਤਪਾਦਾਂ ਦੇ ਡਿਜ਼ਾਈਨ ਅਤੇ ਵਿਕਾਸ ਵਿੱਚ ਆਪਣੇ ਵਿਚਾਰਾਂ ਨੂੰ ਅਜ਼ਮਾਉਣ ਦਾ ਮੌਕਾ ਪ੍ਰਦਾਨ ਕਰਕੇ ਨਵੀਨਤਾ ਦੇ ਨਵੇਂ ਵਿਚਾਰ ਵੀ ਪ੍ਰਦਾਨ ਕਰਦੇ ਹਨ। ਅੰਤ ਵਿੱਚ ਇਹ ਸਿੱਖਿਆ ਦਾ ਇੱਕ ਵਧੀਆ ਸਰੋਤ ਹਨ ਜਿਸ ਰਾਹੀਂ ਉਭਰਦੇ ਵਿਗਿਆਨੀ ਅਨੁਭਵ, ਮਨੋਰੰਜਨ ਅਤੇ ਮਨੋਰੰਜਨ ਰਾਹੀਂ ਸਿੱਖਦੇ ਹਨ। ਅਜਿਹੇ ਸਾਇੰਸ ਸਿਟੀ ਨੂੰ ਵਿਕਸਤ ਕਰਨ ਦੇ ਮੁੱਖ ਉਦੇਸ਼ ਰਸਮੀ ਵਿਗਿਆਨ ਸਿੱਖਿਆ ਨੂੰ ਵਧਾਉਣਾ, ਵਿਦਿਆਰਥੀਆਂ ਵਿੱਚ ਵਿਗਿਆਨ ਅਤੇ ਤਕਨਾਲੋਜੀ ਬਾਰੇ ਉਤਸ਼ਾਹ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਵਿਗਿਆਨ ਅਤੇ ਤਕਨਾਲੋਜੀ ਵਿੱਚ ਕਰੀਅਰ ਬਣਾਉਣ ਲਈ ਉਤਸ਼ਾਹਿਤ ਕਰਨਾ ਹੈ। ਇਹ ਨੌਜਵਾਨ ਪੀੜ੍ਹੀ ਵਿੱਚ ਰਚਨਾਤਮਕਤਾ ਅਤੇ ਨਵੀਨਤਾ ਨੂੰ ਵੀ ਉਤਸ਼ਾਹਿਤ ਕਰਦੇ ਹਨ। ਇੱਕ ਮੁੱਖ ਉਦੇਸ਼, ਆਮ ਲੋਕਾਂ ਵਿੱਚ ਵਿਗਿਆਨਕ ਸੁਭਾਅ ਪੈਦਾ ਕਰਨਾ ਅਤੇ ਸੂਚਿਤ ਅਤੇ ਗਿਆਨਵਾਨ ਸਮਾਜ ਦਾ ਵਿਕਾਸ ਕਰਨਾ ਹੈ ਅਤੇ ਹੁਣ ਤੱਕ ਸਰਕਾਰ ਦਾ ਇਹ ਉਪਰਾਲਾ ਬਹੁਤ ਹੱਦ ਤੱਕ ਸਫਲ ਵੀ ਰਿਹਾ ਹੈ.

# ਪਾਣੀ ਨੂੰ ਤਰਸਦਾ ਪਾਣੀਆਂ ਦਾ ਦੇਸ਼ ਪੰਜਾਬ



ਇੱਕ ਸਮਾਂ ਸੀ ਜਦੋਂ ਪੰਜਾਬ ਨੂੰ ਪੰਜ ਦਰਿਆਵਾਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਸੀ, ਜਿੱਥੇ ਪਾਣੀ ਦੀ ਕੋਈ ਕਮੀ ਨਹੀਂ ਸੀ। ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜੇਹਲਮ । ਇਹ ਦਰਿਆ ਇਸ ਧਰਤੀ ਦੀ ਜੀਵਨ-ਰੇਖਾ ਸਨ, ਜੋ ਖੇਤਾਂ ਨੂੰ ਸਿੰਜਦੇ ਸਨ ਅਤੇ ਲੋਕਾਂ ਦੀ ਖੁਸ਼ਹਾਲੀ ਦਾ ਪ੍ਰਤੀਕ ਸਨ। ਪਰ ਅੱਜ ਸਮਾਂ ਬਦਲ ਗਿਆ ਹੈ। ਉਹ ਪੰਜਾਬ, ਜੋ ਕਦੇ ਪਾਣੀਆਂ ਦਾ ਦੇਸ਼ ਅਖਵਾਉਂਦਾ ਸੀ, ਅੱਜ ਪਾਣੀ ਦੀ ਗੰਭੀਰ ਕਿੱਲਤ ਦਾ ਸਾਹਮਣਾ ਕਰ ਰਿਹਾ ਹੈ। ਇਹ ਬਦਨਸੀਬੀ ਦੀ ਗੱਲ ਹੈ ਕਿ ਜਿਸ ਧਰਤੀ ਨੂੰ ਕੁਦਰਤ ਨੇ ਇੰਨੀ ਬਖਸ਼ਿਸ਼ ਦਿੱਤੀ ਸੀ, ਉਹ ਹੁਣ ਬੂੰਦ-ਬੂੰਦ ਪਾਣੀ ਲਈ ਤਰਸ ਰਹੀ ਹੈ।

ਪੰਜਾਬ ਵਿੱਚ ਪਾਣੀ ਦੀ ਇਸ ਭਿਆਨਕ ਸਥਿਤੀ ਦੇ ਕਈ ਕਾਰਨ ਹਨ। ਸਭ ਤੋਂ ਮੁੱਖ ਕਾਰਨ ਧਰਤੀ ਹੇਠਲੇ ਪਾਣੀ ਦਾ ਅੰਨ੍ਹੇਵਾਹ ਵਰਤੋਂ ਹੈ। ਖੇਤੀ ਪ੍ਰਧਾਨ ਸੂਬਾ ਹੋਣ ਕਰਕੇ, ਪੰਜਾਬ ਵਿੱਚ ਝੋਨੇ ਅਤੇ ਕਣਕ ਵਰਗੀਆਂ ਵੱਧ ਪਾਣੀ ਦੀ ਖਪਤ ਵਾਲੀਆਂ ਫ਼ਸਲਾਂ ਦੀ ਬਹੁਤਾਤ ਹੈ। ਕਿਸਾਨਾਂ ਦੁਆਰਾ ਲਗਾਤਾਰ ਡੂੰਘੇ ਬੋਰਵੈੱਲ ਕਰਕੇ ਪਾਣੀ ਕੱਢਣ ਨਾਲ, ਧਰਤੀ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਹੇਠਾਂ ਚਲਾ ਗਿਆ ਹੈ। ਕਈ ਇਲਾਕਿਆਂ ਵਿੱਚ ਤਾਂ ਪਾਣੀ ਸੈਂਕੜੇ ਫੁੱਟ ਹੇਠਾਂ ਚਲਾ ਗਿਆ ਹੈ, ਜਿਸ ਨਾਲ ਛੋਟੇ ਕਿਸਾਨਾਂ ਲਈ ਸਿੰਚਾਈ ਕਰਨਾ ਮੁਸ਼ਕਲ ਹੋ ਗਿਆ ਹੈ।

ਇਸ ਤੋਂ ਇਲਾਵਾ, ਨਹਿਰੀ ਪਾਣੀ ਪ੍ਰਬੰਧਨ ਵਿੱਚ ਕਮੀਆਂ ਵੀ ਇਸ ਸਮੱਸਿਆ ਨੂੰ ਵਧਾਉਂਦੀਆਂ ਹਨ। ਪੁਰਾਣੇ ਨਹਿਰੀ ਸਿਸਟਮ ਦੀ ਮੁਰੰਮਤ ਨਾ ਹੋਣ ਅਤੇ ਪਾਣੀ ਦੀ ਸਹੀ ਵੰਡ ਨਾ ਹੋਣ ਕਾਰਨ, ਬਹੁਤ ਸਾਰਾ ਪਾਣੀ ਖਰਾਬ ਹੋ ਜਾਂਦਾ ਹੈ। ਸਨਅਤੀਕਰਨ ਅਤੇ ਸ਼ਹਿਰੀਕਰਨ ਨੇ ਵੀ ਪਾਣੀ ਦੀ ਮੰਗ ਵਿੱਚ ਵਾਧਾ ਕੀਤਾ ਹੈ, ਜਦੋਂ ਕਿ ਦੂਸ਼ਿਤ ਪਾਣੀ ਦੀ ਸਮੱਸਿਆ ਨੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਨੂੰ ਪ੍ਰਭਾਵਿਤ ਕੀਤਾ ਹੈ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਚਾਨਣਦੀਪ ਸਿੰਘ ਔਲਖ,
ਸੰਪਰਕ 9876888177

ਦਰਿਆਵਾਂ ਵਿੱਚ ਪ੍ਰਦੂਸ਼ਣ ਅਤੇ ਪੰਜਾਬ ਦੇ ਪਾਣੀਆਂ ਨਾਲ ਜੁੜੇ ਅੰਤਰ-ਰਾਜੀ ਵਿਵਾਦ ਵੀ ਪਾਣੀ ਦੀ ਕਮੀ ਦੇ ਮਸਲੇ ਨੂੰ ਹੋਰ ਗੁੰਝਲਦਾਰ ਬਣਾਉਂਦੇ ਹਨ।

ਪਾਣੀ ਦੀ ਇਸ ਘਾਟ ਦੇ ਪੰਜਾਬ 'ਤੇ ਗੰਭੀਰ ਸਮਾਜਿਕ, ਆਰਥਿਕ ਅਤੇ ਵਾਤਾਵਰਣਕ ਪ੍ਰਭਾਵ ਪੈ ਰਹੇ ਹਨ। ਕਿਸਾਨੀ ਪਹਿਲਾਂ ਹੀ ਸੰਕਟ ਵਿੱਚ ਹੈ ਅਤੇ ਪਾਣੀ ਦੀ ਕਮੀ ਇਸ ਨੂੰ ਹੋਰ ਡੂੰਘਾ ਕਰ ਰਹੀ ਹੈ, ਜਿਸ ਨਾਲ ਕਿਸਾਨਾਂ 'ਤੇ ਆਰਥਿਕ ਬੋਝ ਵੱਧ ਰਿਹਾ ਹੈ। ਪੀਣ ਵਾਲੇ ਪਾਣੀ ਦੀ ਗੁਣਵੱਤਾ ਖਰਾਬ ਹੋਣ ਕਾਰਨ ਕਈ ਬਿਮਾਰੀਆਂ ਫੈਲ ਰਹੀਆਂ ਹਨ, ਖਾਸ ਕਰਕੇ ਮਾਲਵਾ ਪੱਟੀ ਵਿੱਚ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਵੱਧਣਾ ਪਾਣੀ ਦੇ ਪ੍ਰਦੂਸ਼ਣ ਨਾਲ ਜੁੜਿਆ ਹੋਇਆ ਹੈ। ਜੇਕਰ ਇਸ ਸਮੱਸਿਆ ਦਾ ਤੁਰੰਤ ਹੱਲ ਨਾ ਕੀਤਾ ਗਿਆ, ਤਾਂ ਭਵਿੱਖ ਵਿੱਚ ਪੰਜਾਬ ਇੱਕ ਵੱਡੇ ਜਲ ਸੰਕਟ ਦਾ ਸ਼ਿਕਾਰ ਹੋ ਸਕਦਾ ਹੈ। ਇਸ ਗੰਭੀਰ ਸਮੱਸਿਆ ਨਾਲ ਨਜਿੱਠਣ ਲਈ ਤੁਰੰਤ ਕਦਮ ਚੁੱਕਣੇ ਬੇਹੱਦ ਜ਼ਰੂਰੀ ਹਨ। ਸਭ ਤੋਂ ਪਹਿਲਾਂ, ਖੇਤੀ ਪੈਟਰਨ ਵਿੱਚ ਬਦਲਾਅ ਲਿਆਉਣਾ ਹੋਵੇਗਾ। ਕਿਸਾਨਾਂ ਨੂੰ ਝੋਨੇ ਅਤੇ ਕਣਕ ਦੀ ਜਗ ?ਹਾ ਘੱਟ ਪਾਣੀ ਵਾਲੀਆਂ ਫ਼ਸਲਾਂ ਜਿਵੇਂ ਮੱਕੀ, ਦਾਲਾਂ ਅਤੇ ਬਾਗਬਾਨੀ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ, ਸਿੰਚਾਈ ਦੀਆਂ ਆਧੁਨਿਕ ਤਕਨੀਕਾਂ ਜਿਵੇਂ ਟਪਕਾ ਸਿੰਚਾਈ (drip irrigation) ਅਤੇ ਫੁਹਾਰਾ ਸਿੰਚਾਈ (sprinkler irrigation) ਨੂੰ ਅਪਣਾਉਣਾ ਚਾਹੀਦਾ ਹੈ। ਧਰਤੀ ਹੇਠਲੇ ਪਾਣੀ ਦੀ ਬਚਤ ਲਈ ਬਰਸਾਤੀ ਪਾਣੀ ਦੀ ਸੰਭਾਲ (rainwater harvesting) ਅਤੇ ਨਹਿਰੀ ਪਾਣੀ ਦੇ ਬਿਹਤਰ ਪ੍ਰਬੰਧਨ ਦੀ ਲੋੜ ਹੈ। ਪਾਣੀ ਦੀ ਮੁੜ ਵਰਤੋਂ (water recycling) ਅਤੇ ਪ੍ਰਦੂਸ਼ਣ ਨੂੰ ਕੰਟਰੋਲ ਕਰਨਾ ਵੀ ਅਹਿਮ ਕਦਮ ਹਨ। ਸਰਕਾਰ ਅਤੇ ਲੋਕਾਂ ਦੋਵਾਂ ਨੂੰ ਇਸ ਮਸਲੇ ਦੀ ਗੰਭੀਰਤਾ ਨੂੰ ਸਮਝਣਾ ਪਵੇਗਾ ਅਤੇ ਸਾਂਝੇ ਯਤਨਾਂ ਨਾਲ ਹੀ ਇਸ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਪੰਜਾਬ ਨੂੰ ਦੁਬਾਰਾ ਪਾਣੀਆਂ ਦਾ ਦੇਸ਼ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ। ਪਾਣੀ ਇੱਕ ਅਨਮੋਲ ਕੁਦਰਤੀ ਸਰੋਤ ਹੈ ਅਤੇ ਇਸ ਦੀ ਸੰਭਾਲ ਸਾਡੇ ਸਭ ਲਈ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ। ਆਪਣੇ ਭਵਿੱਖ ਲਈ ਇਸ ਅਨਮੋਲ ਸਰੋਤ ਨੂੰ ਬਚਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ।

# ਬੇਬੇ ਨਾਲ ਰੀਤ ਤਾਂ ਨਹੀਂ ਮਰੀ... !

ਸੁਖਮਨੀ ਤੇ ਹਰਮਨ ਦੋਵੇਂ ਭੈਣਾਂ ਵਿਆਹੀਆਂ ਗਈਆਂ ਸਨ। ਉਹਨਾਂ ਦਾ ਸਹੁਰਿਆਂ ਤੋਂ ਸਾਲ - ਛੇ ਮਹੀਨੇ ਬਾਅਦ ਹੀ ਪੇਕਿਆਂ ਦੇ ਗੇੜਾ ਲੱਗਦਾ ਸੀ। ਉਂਝ ਤਾਂ ਉਹ ਵੀ ਆਪਣੀ ਕਬੀਲਦਾਰੀ ਵਿੱਚ ਰੁੱਝੀਆਂ ਹੋਈਆਂ ਸਨ। ਉਹਨਾਂ ਦੇ ਦੋ ਭਰਾ ਹਰਦੀਪ ਤੇ ਜਸਦੀਪ ਸਨ। ਉਹਨਾਂ ਦੀ ਬੇਬੇ ਆਪਣੇ ਜਵਾਕਾਂ ਵਿੱਚ ਪਿਆਰ ਬਣਾਈ ਰੱਖਣ ਲਈ ਕਦੇ ਵੱਡੇ ਮੁੰਡੇ ਨੂੰ ਤੇ ਕਦੇ ਛੋਟੇ ਨੂੰ ਭੈਣਾਂ ਕੋਲ ? ਕਦੇ ਤੀਆਂ ਦਾ ਸੰਧਾਰਾ ਦੇ ਕੇ ਜਾਂ ਲੋਹੜੀ ਵੇਲੇ ਦਾ ਸੰਧਾਰਾ ਦੇ ਕੇ ਭੇਜ ਦਿੰਦੀ। ਕੁੜੀਆਂ ਦਾ ਪੇਕਿਆਂ ਤੇ ਤਾਂ ਇਹਨਾਂ ਦਿਨਾਂ ਵਿੱਚ ਹੀ ਮਾਣ ਹੁੰਦਾ ਹੈ ਜਦ ਉਹ ਸਹੁਰੇ ਘਰ ਵਿੱਚ ਆਪਣੇ ਆਪ ਨੂੰ ਵੱਡਾ ਵੱਡਾ ਸਮਝਦੀ ਹੈ। ਸੁਖਮਨੀ ਦੇ ਸਹੁਰੇ ਤਾਂ ਬਹੁਤ ਚੰਗੇ ਸਨ ਕਿਉਂਕਿ ਉਨ੍ਹਾਂ ਨੂੰ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਸੀ ਕਿ ਉਸ ਦੇ ਪੇਕੇ ਸੰਧਾਰਾ ਦੇ ਕੇ ਗਏ ਹਨ ਜਾਂ ਨਹੀਂ। ਪਰ ਹਰਮਨ ਦੇ ਸਹੁਰੇ ਤਾਂ ਪੇਕਿਆਂ ਦਾ ਨਾਂ ਲੈ ਲੈ ਕੇ ਹਰ ਵੇਲੇ ਉਸ ਨੂੰ ਨੀਵਾਂ ਦਿਖਾਉਣ ਦਾ ਮੌਕਾ ਲੱਭਦੇ ਰਹਿੰਦੇ ਸਨ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਰਜਿੰਦਰ ਕੌਰ ਬਿਸਰਾਓ...
9988901324

ਜਦ ਤੱਕ ਬੇਬੇ ਤਕੜੀ ਪਈ ਸੀ ਤੇ ਸਾਰੀ ਕਮਾਈ ਉਸ ਦੇ ਹੱਥ ਵਸ ਸੀ ਉਹ ਆਪ ਸਾਰਾ ਸਮਾਨ ਖ ?ਰੀਦ ਕੇ ਮੁੰਡਿਆਂ ਨੂੰ ਦੇ ਕੇ ਆਪਣੀਆਂ ਧੀਆਂ ਕੋਲ ਸੰਧਾਰਾ ਦੇਣ ਭੇਜ ਦਿੰਦੀ । ਪਰ ਜਿਵੇਂ ਹੀ ਬੁਢਾਪੇ ਕਾਰਨ ਉਸ ਦੀ ਸਿਹਤ ਵਿੱਚ ਦਿਨੋ ਦਿਨ ਗਿਰਾਵਟ ਆਉਣ ਲੱਗੀ ਤਾਂ ਉਸ ਨੇ ਕੁੜੀਆਂ ਨੂੰ ਵਾਰੀ ਵਾਰੀ ਫ਼ੋਨ ਕਰਕੇ ਆਖ ਦੇਣਾ,÷ ਤੁਸੀਂ ਮੈਨੂੰ ਆ ਕੇ ਮਿਲ ਜਾਓ.... ਹੁਣ ਮੇਰੇ ਕੋਲੋਂ ਤਾਂ ਤੁਹਾਨੂੰ ਮਿਲ ?ਣ ਆਇਆ ਨੀ ਜਾਂਦਾ..... ਮੇਰੇ ਤੋਂ ਬਾਅਦ ਦੇਖੀ ਜਾਊ....!÷ ਦੋਵਾਂ ਭੈਣਾਂ ਨੇ ਰੱਖੜੀਆਂ ਵਾਲੇ ਦਿਨ ਭਰਾਵਾਂ ਦੇ ਰੱਖੜੀਆਂ ਬੰਨ੍ਹਣ ਜਾਣਾ ਤਾਂ ਬਹਾਨੇ ਨਾਲ ਮਾਂ ਨੂੰ ਮਿਲ ? ਆਉਂਦੀਆਂ। ਪਰ ਭਰਾ ਤਾਂ ਉਹਨਾਂ ਨੂੰ ਕਦੇ ਮਿਲ ?ਦੇ ਹੀ ਨਹੀਂ ਸਨ ਕਿਉਂਕਿ ਉਹ ਵੀ ਆਪਣੀਆਂ ਘਰਵਾਲੀਆਂ ਨੂੰ ਲੈ ਕੇ ਉਨ੍ਹਾਂ ਦੇ ਪੇਕੇ ਗਏ ਹੁੰਦੇ ਸਨ। ਬੇਬੇ ਨੇ ਰੱਖੜੀਆਂ ਬੰਨ੍ਹਣ ਆਈਆਂ ਨੂੰ ਹੀ ਸੰਧਾਰੇ ਦਾ ਕਾਰ ਵਿਹਾਰ ਕਰ ਦੇਣਾ ।ਇਸ ਤਰ੍ਹਾਂ ਦੋਵਾਂ ਭੈਣਾਂ ਨੂੰ ਕਦੇ ਮਾਪਿਆਂ ਦੀ ਕਮੀ ਮਹਿਸੂਸ ਨਹੀਂ ਹੁੰਦੀ ਸੀ।

ਇਸ ਵਾਰ ਦੇ ਸੰਧਾਰਿਆਂ ਵੇਲੇ ਬੇਬੇ ਮਰੀ ਨੂੰ ਹਜੇ ਛੇ ਮਹੀਨੇ ਹੋਏ ਸਨ, ਇਸ ਲਈ ਇਹੋ ਜਿਹਾ ਕੋਈ ਸ਼ਗਨਾਂ ਦਾ ਕਾਰ ਵਿਹਾਰ ਜਾਂ ਤਿਉਹਾਰ ਮਨਾਉਣਾ ਨਹੀਂ ਸੀ। ਉਦੋਂ ਤਾਂ ਕਿਸੇ ਨੂੰ ਵੀ ਮਹਿਸੂਸ ਨਾ ਹੋਇਆ ਕਿ ਉਹਨਾਂ ਦੇ ਪੇਕਿਆਂ ਤੋਂ ਕੋਈ ਵੀ ਕਿਉਂ ਨਹੀਂ ਆਇਆ। ਪੇਕਿਆਂ ਦੀ ਜ਼ਮੀਨ ਤਾਂ ਦੋਵੇਂ ਭੈਣਾਂ ਆਪਣੇ ਬਾਪੂ ਦੇ ਜਿਉਂਦੇ ਜੀਅ ਹੀ ਆਪਣੇ ਭਰਾਵਾਂ ਦੇ ਨਾਂਅ ਕਰਵਾ ਆਈਆਂ ਸਨ ਕਿਉਂਕਿ ਉਹਨਾਂ ਦੇ ਮਨ ਵਿੱਚ ਨਾ ਤਾਂ ਕੋਈ ਲਾਲਚ ਸੀ ਤੇ ਨਾ ਹੀ ਕੋਈ ਖੋਟ ਸੀ। ਉਂਝ ਜਦੋਂ ਬਾਪੂ ਮਰੇ ਤੋਂ ਬਾਅਦ ਤਹਿਸੀਲਦਾਰ ਨੇ ਉਹਨਾਂ ਨੂੰ ਬੁਲਾ ਕੇ ਉਹਨਾਂ ਦੇ ਬਿਆਨ ਲਏ ਸਨ ਤਾਂ ਵੀ ਦੋਵੇਂ ਭੈਣਾਂ ਨੇ ਕਹਿ ਦਿੱਤਾ ਸੀ ਕਿ ਉਹ ਆਪਣੀ ਮਰਜ਼ੀ ਨਾਲ ਆਪਣੇ ਭਰਾਵਾਂ ਨੂੰ ਆਪਣੇ ਹਿੱਸੇ ਦੀ ਜ਼ਮੀਨ ਦੇ ਰਹੀਆਂ ਹਨ। ਉਦੋਂ ਭਰਾ ਵੀ ਤਹਿਸੀਲਦਾਰ ਸਾਹਮਣੇ ਬੜੇ ਸ਼ਰੀਫ਼ ਬਣੇ ਖੜ੍ਹੇ ਸਨ ਤੇ ਆਖ ਰਹੇ ਸਨ ਕਿ ਉਹ ਸਾਰੇ ਦਿਨ-ਤਿਹਾਰਾਂ ਤੇ ਆਪਣੀਆਂ ਭੈਣਾਂ ਦੇ ਘਰ ਆਇਆ ਜਾਇਆ ਕਰਨਗੇ।

ਸੁਖਮਨੀ ਤੇ ਹਰਮਨ ਦੀ ਬੇਬੇ ਮਰੀ ਨੂੰ ਦੂਜਾ ਵਰ੍ਹਾ ਲੰਘ ਗਿਆ ਸੀ ਪਰ ਪੇਕਿਆਂ ਤੋਂ ਕਿਸੇ ਨੇ ਮਿਲਣ ਤਾਂ ਕੀ ਆਉਣਾ ਸੀ,ਕੋਈ ਫ਼ੋਨ ਵੀ ਨਹੀਂ ਕਰਦਾ ਸੀ। ਜੇ ਕਿਤੇ ਉਹ ਆਪਣੇ ਘਰਦਿਆਂ ਤੋਂ ਚੋਰੀ ਫ਼ੋਨ ਕਰਦੀਆਂ ਵੀ ਤਾਂ ਕਦੇ ਕੋਈ ਫੋਨ ਚੁੱਕਦਾ ਨਾ ਜਾਂ ਫਿਰ ਬਹਾਨਾ ਲੱਭ ਕੇ ਕਿਸੇ ਨਾ ਕਿਸੇ ਗੱਲੋਂ ਲੜ ਪੈਂਦੇ ਤੇ ਆਖ ਦਿੰਦੇ,÷ ਹਾਂ.... ਹਾਂ.... ਸਾਨੂੰ ਸਭ ਪਤਾ ਕਿਉਂ ਸਾਡੀ ਯਾਦ ਆਉਂਦੀ ਐ..... ਪੈਸੇ ਤੇ ਅੱਖ ਰੱਖੀ ਹੋਈ ਹੈ..... ਅਸੀਂ ਸਾਰੀ ਉਮਰ ਤੁਹਾਨੂੰ ਈ ਲੁਟਾਈ ਜਾਈਏ..... ਸਾਡੀਆਂ ਆਪਣੀਆਂ ਕਬੀਲਦਾਰੀਆਂ ਵੀ ਤਾਂ ਅਸੀਂ ਦੇਖਣੀਆਂ ਨੇ....ਸਾਰੀ ਉਮਰ ਸਾਡੀ ਮਾਂ ਨੇ ਤੁਹਾਨੂੰ ਬਥੇਰਾ ਲੁਟਾਇਆ..... ਹੁਣ ਓਹੀ ਕੁਛ ਤੁਸੀਂ ਸਾਡੇ ਤੋਂ ਭਾਲ ?ਦੀਆਂ.....।÷ ਮੁੜ ਕੇ ਤਾਂ ਉਹਨਾਂ ਨੇ ਫ਼ੋਨ ਕਰਨੇ ਵੀ ਛੱਡ ਦਿੱਤੇ। ਇੱਕ ਦੋ ਵਾਰ ਮਿਲ ?ਣ ਗਈਆਂ ਦੀ ਵੀ ਉਹਨਾਂ ਨੇ ਇਵੇਂ ਹੀ ਦੋਹਾਂ ਭੈਣਾਂ ਦੀ ਲਾਹ ਪੱਤ ਕੀਤੀ ਸੀ। ਸੁਖਮਨੀ ਦੇ ਘਰਵਾਲਿਆਂ ਨੂੰ ਕੋਈ ਬਹੁਤਾ ਫ਼ਰਕ ਨਹੀਂ ਪੈਂਦਾ ਸੀ ਪਰ ਹਰਮਨ ਦੇ ਸਹੁਰੇ ਉਸ ਨੂੰ ਮੌਕਾ ਲੱਗਦੇ ਮਿਹਣੇ ਮਾਰ ਹੀ ਦਿੰਦੇ। ਦੋਵੇਂ ਭੈਣਾਂ ਸਾਰਿਆਂ ਤੋਂ ਚੋਰੀ ਚੋਰੀ ਆਪਸ ਵਿੱਚ ਫ਼ੋਨ ਤੇ ਇੱਕ ਦੂਜੇ ਨਾਲ ਢਿੱਡ ਫਰੋਲ ਲੈਂਦੀਆਂ।

ਬੇਬੇ ਮਰੀ ਤੋਂ ਬਾਅਦ ਦੋ ਸੰਧਾਰੇ ਲੰਘ ਗਏ ਸਨ। ਸਾਉਣ ਦੇ ਮਹੀਨੇ ਹਰਮਨ ਬਹੁਤ ਉਦਾਸ ਜਿਹੀ ਬੈਠੀ ਆਪਣੀ ਮਾਂ ਨੂੰ ਯਾਦ ਕਰ ਰਹੀ ਸੀ ਕਿ ਅਚਾਨਕ ਗੇਟ ਵਿੱਚ ਗੱਡੀ ਆ ਕੇ ਰੁਕੀ।ਉਸ ਨੇ ਦੇਖਿਆ ਤਾਂ ਸੁਖਮਨੀ ਆਪਣੇ ਪਰਿਵਾਰ ਨਾਲ ? ਉਸ ਨੂੰ ਮਿਲ ?ਣ ਆਈ ਸੀ।ਉਹ ਦੇਖ਼ ਕੇ ਬਹੁਤ ਖੁਸ਼ ਹੋਈ। ਸਾਰਾ ਦਿਨ ਉਸ ਕੋਲ ਰਹਿ ਕੇ, ਹੱਸ ਖੇਡ ਕੇ ਜਦੋਂ ਸੁਖਮਨੀ ਜਾਣ ਲੱਗੀ ਤਾਂ ਗੱਡੀ ਵਿੱਚੋਂ ਬਿਸਕੁਟਾਂ ਦਾ ਪੀਪਾ ਤੇ ਸੂਟ ਉਸ ਨੂੰ ਦੇ ਕੇ ਆਖਣ ਲੱਗੀ,÷ ਇਹ ਤੇਰਾ ਸੰਧਾਰਾ ਹੈ..... ਫਿਰ ਕੀ ਹੋਇਆ ਜੇ ਬੇਬੇ ਨਹੀਂ ਰਹੀ...... ਬੇਬੇ ਨਾਲ ? ਰੀਤ ਤਾਂ ਨੀਂ ਮਰੀ..... ਮੈਂ ਵੀ ਤਾਂ ਉਸੇ ਦੀ ਧੀ ਆਂ...... ਅੱਜ ਤੋਂ ਪੇਕਿਆਂ ਵਾਲੇ ਸਾਰੇ ਕਾਰ ਵਿਹਾਰ ਮੈਂ ਕਰੂੰਗੀ..... ਤੂੰ ਉਦਾਸ ਨਾ ਹੋਈਂ.....!÷ ਇਹ ਕਹਿ ਕੇ ਛੋਟੀ ਭੈਣ ਦੇ ਗਲ ? ਲੱਗ ਕੇ ਮਿਲਦੀ ਹੈ ਤੇ ਦੋਵਾਂ ਦੀਆਂ ਅੱਖਾਂ ਵਿੱਚ ਮਾਂ ਨੂੰ ਯਾਦ ਕਰਕੇ ਅੱਥਰੂ ਆ ਜਾਂਦੇ ਹਨ।

# ਜੇਕਰ ਤੁਹਾਡਾ ਬੱਚਾ ਵੀ ਮੋਬਾਇਲ ਫ਼ੋਨ ਦੇਖ ਕੇ ਖਾਣਾ ਖਾਂਦਾ ਹੈ ਤਾਂ ਹੋ ਜਾਉ ਸਾਵਧਾਨ

ਨਸ਼ਾ ਇਕ ਬਹੁਤ ਬੁਰੀ ਆਦਤ ਹੈ ।ਇਹ ਨਸ਼ਾ ਕਿਸੇ ਵੀ ਚੀਜ਼ ਦਾ ਹੋ ਸਕਦਾ ਹੈ। ਅੱਜ਼ ਕੱਲ ਦੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਸਭ ਨੂੰ ਸਮਾਰਟ ਮੋਬਾਇਲ ਫ਼ੋਨ ਚਲਾ ਕੇ ਸੋਸ਼ਲ ਮੀਡੀਆ ਦੇਖਣ, ਗੇਮਾਂ ਖੇਡਣ ਅਤੇ ਵੀਡਿਓਜ਼ ਬਣਾਉਣ ਦੇਖਣ ਦਾ ਨਸ਼ਾ ਲੱਗਿਆ ਹੋਇਆ ਹੈ ।ਸਭ ਤੋਂ ਜ਼ਿਆਦਾ ਨਸ਼ਾ ਅੱਜ਼ ਕੱਲ ਦੇ ਛੋਟੇ ਛੋਟੇ ਮਾਸੂਮ ਬੱਚਿਆਂ ਨੂੰ ਲੱਗ ਚੁੱਕਿਆ ਹੈ। ਛੋਟੇ ਬੱਚਿਆਂ ਨੂੰ ਮੋਬਾਇਲ ਫ਼ੋਨ ਦਾ ਨਸ਼ਾ ਇਸ ਹੱਦ ਤੱਕ ਲੱਗ ਗਿਆ ਹੈ ਕਿ ਉਹ ਮੋਬਾਇਲ ਫ਼ੋਨ ਦੇਖੇ ਬਿਨਾਂ ਖਾਣਾ ਹੀ ਨਹੀਂ ਖਾਂਦੇ, ਨਾਂ ਹੀ ਦੁੱਧ ਪੀਂਦੇ ਹਨ ਅਤੇ ਨਾਂ ਹੋਰ ਕੁਝ ਖਾਂਦੇ ਹਨ। ਬੱਚੇ ਕਹਿੰਦੇ ਹਨ ਸਾਨੂੰ ਮੋਬਾਇਲ ਫ਼ੋਨ ਦਿਉਂਗੇ ਤਾਂ ਹੀ ਰੋਟੀ ਖਾਵਾਂਗੇ ।ਇਸ ਲਈ ਮਾਂ - ਬਾਪ ਬੱਚੇ ਨੂੰ ਇਹ ਸੋਚ ਕੇ ਮੋਬਾਇਲ ਦੇ ਦਿੰਦੇ ਹਨ ਕਿ ਚਲੋ ਇਸ ਬਹਾਨੇ ਸਾਡਾ ਬੱਚਾ ਰੋਟੀ ਖਾ ਲਵੇਗਾ। ਮੋਬਾਇਲ ਫ਼ੋਨ ਦੇ ਨਾਲ ਨਾਲ ਰੋਟੀ ਖਾਂਦੇ ਹੋਏ ਬੱਚੇ ਨੂੰ ਇਹ ਵੀ ਨਹੀਂ ਪਤਾ ਲੱਗਦਾ ਕਿ ਬੱਚਾ ਖਾਣਾ ਖਾ ਰਿਹਾ ਹੈ ਜਾਂ ਨਹੀਂ ।ਕਈ ਵਾਰ ਤਾਂ ਬੱਚੇ ਫ਼ੋਨ ਦੇਖਦੇ ਹੋਏ ਲਿਮੀਟ ਤੋਂ ਵੀ ਵੱਧ ਖਾਣਾ ਖਾ ਜਾਂਦੇ ਹਨ ਕਿਉਂਕਿ ਬੱਚੇ ਦਾ ਧਿਆਨ ਹੀ ਫ਼ੋਨ ਦੇਖਣ ਵਿੱਚ ਹੁੰਦਾ ਹੈ ਨਾਂ ਕਿ ਖਾਣਾ ਖਾਣ ਵਿੱਚ। ਅਜਿਹਾ ਕਰਨ ਨਾਲ ਉਸ ਦੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੈ। ਬੱਚਾ ਫੋਨ 'ਚ ਰੁੱਝ ਜਾਂਦਾ ਹੈ ਅਤੇ ਉਸ ਦੀ ਖਾਣ ਦੀ ਸਮਰੱਥਾ ਪ੍ਰਭਾਵਿਤ ਹੋ ਜਾਂਦੀ ਹੈ ।ਮੋਬਾਇਲ ਫ਼ੋਨ ਦੇਖਣਾਂ ਸਾਡੇ ਸਾਰਿਆਂ ਲਈ ਛੋਟੇ ਵੱਡਿਆਂ ਲਈ ਬਹੁਤ ਜ਼ਿਆਦਾ ਹਾਨੀਕਾਰਕ ਹੈ ।ਪਰ ਬੱਚਿਆਂ ਦੇ ਲਈ ਸਭ ਤੋਂ ਜ਼ਿਆਦਾ ਹਾਨੀਕਾਰਕ ਹੈ ਕਿਉਂਕਿ ਬੱਚੇ ਬਹੁਤ ਜ਼ਿਆਦਾ ਨਾਜ਼ੁਕ ਹੁੰਦੇ ਹਨ ਅਤੇ ਮੋਬਾਇਲ ਫ਼ੋਨ ਵਿਚੋਂ ਨਿਕਲ ਰਹੀਆਂ ਖ਼ਤਰਨਾਕ ਕਿਰਨਾਂ ਬੱਚਿਆਂ ਤੇ ਬਹੁਤ ਜ਼ਿਆਦਾ ਬੁਰਾ ਅਸਰ ਕਰਦੀਆਂ ਹਨ। ਮੋਬਾਇਲ ਫੋਨ ਦੇ ਜ਼ਿਆਦਾ ਇਸਤੇਮਾਲ ਕਾਰਨ ਬਹੁਤ ਸਾਰੇ ਬੱਚੇ ਕਿਤਾਬਾਂ ਤੋਂ ਦੂਰ ਰਹਿਣ ਲੱਗ ਪਏ ਹਨ। ਉਹ ਆਨਲਾਇਨ ਕਲਾਸ ਦਾ ਬਹਾਨਾ ਬਣਾ ਕੇ ਫੋਨ ਦੀ ਵਰਤੋਂ ਕਰਦੇ ਰਹਿੰਦੇ ਹਨ ।ਸਾਨੂੰ ਕੋਸ਼ਿਸ਼ ਇਹ ਕਰਨੀ ਚਾਹੀਦੀ ਹੈ ਕਿ ਬੱਚਿਆਂ ਨੂੰ ਮੋਬਾਇਲ ਫ਼ੋਨ ਨਾਂ ਦਿੱਤਾ ਜਾਵੇ। ਬੱਚਿਆਂ ਨੂੰ ਖਿਡੋਣਿਆ ਨਾਲ ਖੇਡਣ ਦੀ ਆਦਤ ਪਾਈ ਜਾਵੇ ।ਇਕ ਵਾਰ ਮਾਪਿਆਂ ਲਈ ਔਖਾ ਜ਼ਰੂਰ ਹੋਵੇਗਾ ਪਰ ਹੋਲੀ ਹੋਲੀ ਬੱਚਿਆਂ ਨੂੰ ਖਿਡੋਣਿਆ ਨਾਲ ਖੇਡਣ ਦੀ ਆਦਤ ਪੈ ਜਾਵੇਗੀ। ਜੇਕਰ ਬੱਚਾ ਮੋਬਾਇਲ ਫ਼ੋਨ ਬਿਨਾਂ ਰੋਟੀ ਨਹੀਂ ਖਾਂਦਾ ਤਾਂ ਬੱਚੇ ਨੂੰ ਖਿਡੋਣੇ ਨਾਲ ਖਿਡਾਉਂਦੇ ਹੋਏ ਰੋਟੀ ਖਾਣ ਦੀ ਆਦਤ ਪਾਈ ਜਾਵੇ। ਇੰਟਰਨੈੱਟ ਤੇ ਅੱਜ਼ ਕੱਲ ਬਹੁਤ ਤਰਾਂ ਦਾ ਮਾੜਾ ਚੰਗਾ ਡਾਟਾ ਮਿਲ ਜਾਂਦਾ ਹੈ ਪਰ ਸਾਨੂੰ ਇਹ ਵੀ ਨਹੀਂ ਪਤਾ ਲੱਗਦਾ ਕਿ ਸਾਡਾ ਬੱਚਾ ਮੋਬਾਇਲ ਤੇ ਚੰਗੀ ਚੀਜ਼ ਦੇਖ ਰਿਹਾ ਹੈ ਜਾਂ ਕੁਝ ਅਸ਼ਲੀਲ ਵੀਡੀਓ ਦੇਖ ਰਿਹਾ ਹੈ। ਜ਼ੇਕਰ ਬੱਚਾ ਇਕ ਵਾਰ ਅਸ਼ਲੀਲ ਵੀਡੀਓ ਵੇਖਣ ਲੱਗ ਗਿਆ ਤਾਂ ਫਿਰ ਵਾਰ ਵਾਰ ਸਕਰੋਲ ਕਰਨ ਤੇ ਅਸ਼ਲੀਲ ਵੀਡੀਓ ਹੀ ਸਕਰੀਨ ਤੇ ਦਿਖਾਈ ਦੇਣਗੀਆਂ ਜਿਸ ਨੂੰ ਦੇਖ ਕੇ ਸਾਡਾ ਬੱਚਾ ਘਰ ਬੈਠਿਆਂ ਹੀ ਵਿਗੜ ਸਕਦਾ ਹੈ ਅਤੇ ਬੁਰੇ ਰਸਤੇ ਪੈ ਸਕਦਾ ਹੈ ।ਜੇਕਰ ਬੱਚਾ ਕੋਈ ਕ੍ਰਾਈਮ ਕਰਨ ਵਾਲੀਆਂ ਵੀਡਿਓਜ਼ ਦੇਖਣ ਲੱਗ ਗਿਆ ਤਾਂ ਫਿਰ ਸਕ੍ਰੀਨ ਤੇ ਸਕਰੋਲ ਕਰਨ ਤੇ ਕ੍ਰਾਈਮ ਕਰਨ ਵਾਲੀਆਂ ਵੀਡਿਓਜ਼ ਹੀ ਦਿਖਾਈ ਦੇਣਗੀਆਂ ।ਇਹ ਵੀਡਿਓਜ਼ ਦੇਖ ਕੇ ਬੱਚਾ ਗਲਤ ਸੁਸਾਇਟੀ ਵਿੱਚ ਪੈ ਸਕਦਾ ਹੈ ਜਿਸ ਨਾਲ ਸਾਡੇ ਬੱਚਿਆਂ ਦਾ ਭਵਿੱਖ ਤਬਾਹ ਹੋ ਸਕਦਾ ਹੈ। ਤੁਹਾਨੂੰ ਹਰ ਸਮੇਂ ਬੱਚਿਆਂ ਤੇ ਪੂਰੀ ਨਿਗਰਾਨੀ ਰੱਖਣ ਦੀ ਜ਼ਰੂਰਤ ਹੈ। ਜਦੋਂ ਤੱਕ ਬਹੁਤ ਜ਼ਰੂਰੀ ਨਾਂ ਹੋਵੇ ਬੱਚਿਆਂ ਨੂੰ ਮੋਬਾਇਲ ਫ਼ੋਨ ਨਾ ਦਿੱਤਾ ਜਾਵੇ ।ਕਈ ਮਾਤਾ-ਪਿਤਾ ਅਜਿਹੇ ਹਨ, ਜੋ ਆਪਣੇ ਕੰਮਾਂ 'ਚ ਵਿਅਸਥ ਹੋਣ ਕਰਕੇ ਬੱਚਿਆਂ ਨੂੰ ਸਮਾਂ ਨਹੀਂ ਦਿੰਦੇ। ਉਹ ਕੰਮ ਦੇ ਚੱਕਰ 'ਚ ਖੁਦ ਬੱਚੇ ਨੂੰ ਮੋਬਾਇਨ ਫੋਨ ਦੇ ਕੇ ਬਿਠਾ ਦਿੰਦੇ ਹਨ, ਜੋ ਗ਼ਲਤ ਹੈ ।ਮੋਬਾਇਲ ਫ਼ੋਨ ਦੀ ਆਦਤ ਛੁਡਵਾ ਕੇ ਬੱਚਿਆਂ ਨੂੰ ਵੱਧ ਤੋਂ ਵੱਧ ਆਊਟਡੋਰ ਖੇਡਾਂ ਨਾਲ ਜੋੜਿਆ ਜਾਵੇ। ਮਾਪਿਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਬੱਚਿਆਂ ਨੂੰ ਖੇਡ ਗਰਾਊਂਡ ਲੈ ਕੇ ਜਾਇਆ ਜਾਵੇ ਅਤੇ ਖ਼ੁਦ ਵੀ ਬੱਚਿਆਂ ਨਾਲ ਗਰਾਊਂਡ ਵਿੱਚ ਖੇਡਿਆ ਜਾਵੇ ਤਾਂ ਜ਼ੋ ਬੱਚਿਆਂ ਦੀ ਖੇਡਾਂ ਪ੍ਰਤੀ ਰੁਚੀ ਵੱਧ ਸਕੇ। ਬੱਚਿਆਂ ਦੇ ਸਾਹਮਣੇ ਕਦੇ ਵੀ ਫੋਨ ਦੀ ਵਰਤੋਂ ਨਾ ਕਰੋ। ਤੁਹਾਨੂੰ ਵੇਖ ਕੇ ਤੁਹਾਡਾ ਬੱਚਾ ਵੀ ਫੋਨ ਦੀ ਵਰਤੋਂ ਨਹੀਂ ਕਰੇਗਾ ।ਸਾਨੂੰ ਸੋਣ ਲੱਗਿਆਂ ਵੀ ਮੋਬਾਇਲ ਫ਼ੋਨ ਨੂੰ ਘੱਟੋ ਘੱਟ 5 ਫੁੱਟ ਦੂਰ ਰੱਖਣਾ ਚਾਹੀਦਾ ਹੈ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੰਦੀਪ ਕੰਬੋਜ
98594-00002

# ਬੈਂਟਿੰਗ ਹਾਊਸ ਕੈਨੇਡਾ ‘ਚ ਸੋਨੀਆ ਸਿੱਧੂ ਦੇ ਸ਼ੂਗਰ ਦੇ ਇਲਾਜ਼ ਲਈ ਪੁੱਟੇ ਸ਼ਲਾਘਾਯੋਗ ਯੋਗਦਾਨ ਲਈ ਨਾਂ ਦੀ ਇੱਟ ਲੱਗੀ







ਸ਼ੂਗਰ ਅਰੋਗ (ਡਾਇਬਟੀਜ਼) ਕੈਨੇਡਾ ਵਿੱਚ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਹੈ ਅਤੇ ਵਿੱਤੀ ਤੌਰ ’ਤੇ ਪੁਰਾਣੀਆਂ ਬਿਮਾਰੀਆਂ ਵਿੱਚੋਂ ਇੱਕ ਹੈ, ਜਿਸ ਵਿੱਚ ਹਰ ਸਾਲ ਲਗਭਗ 201,000 ਨਵੇਂ ਨਿਦਾਨ ਹੁੰਦੇ ਹਨ। ਡਾਇਬਟੀਜ਼ ਕੈਨੇਡਾ ਦੀ ਰਿਪੋਰਟ ਹੈ ਕਿ ਸਾਲ 2000 ਤੋਂ ਕੈਨੇਡੀਅਨਾਂ ਵਿੱਚ ਸ਼ੂਗਰ ਦਾ ਪ੍ਰਸਾਰ ਦੁੱਗਣਾ ਹੋ ਗਿਆ ਹੈ, ਲਗਭਗ 30 ਪ੍ਰਤੀਸ਼ਤ ਆਬਾਦੀ - ਲਗਭਗ 12 ਮਿਲੀਅਨ ਵਿਅਕਤੀ - ਸ਼ੂਗਰ ਜਾਂ ਪ੍ਰੀਡਾਇਬੀਟੀਜ਼ ਤੋਂ ਪ੍ਰਭਾਵਿਤ ਹਨ।

ਇਲਾਜ ਲੱਭਣ ਲਈ, ਨੈਸ਼ਨਲ ਫਰੇਮਵਰਕ ਫਾਰ ਡਾਇਬਟੀਜ਼, ਜਿਸਨੂੰ ਬਿੱਲ ਸੀ-237 ਵਜੋਂ ਜਾਣਿਆ ਜਾਂਦਾ ਹੈ, ਨੂੰ ਬ੍ਰੈਂਪਟਨ ਸਾਊਥ ਤੋਂ ਲਿਬਰਲ ਸੰਸਦ ਮੈਂਬਰ ਸੋਨੀਆ ਸਿੱਧੂ ਦੁਆਰਾ ਪੇਸ਼ ਕੀਤਾ ਗਿਆ ਸੀ, ਅਤੇ 29 ਜੂਨ, 2021 ਨੂੰ ਲਾਗੂ ਕੀਤਾ ਗਿਆ ਸੀ। ਬਿੱਲ ਨੂੰ ਸਾਰੇ ਰਾਜਨੀਤਿਕ ਪਾਰਟੀਆਂ ਵਲੋਂ ਸਰਬਸੰਮਤੀ ਨਾਲ ਸਮਰਥਨ ਪ੍ਰਾਪਤ ਹੋਇਆ ਸੀ ਜੋ ਕਿ ਸਿੱਧੂ ਅਤੇ ਵੱਖ-ਵੱਖ ਸ਼ੂਗਰ ਸੰਗਠਨਾਂ ਡਾਕਟਰਾਂ, ਵਕੀਲਾਂ, ਅਤੇ ਸੰਸਥਾਵਾਂ ਵਲੋਂ ਇਸ ਦਾ ਵੱਧ ਚੜ੍ਹ ਕੇ ਅਣਥੱਕ ਸਮਰਪਣ ਦਾ ਪ੍ਰਮਾਣ ਦਿੱਤਾ।

ਇਸ ਬਿਲ ਨਾਲ ਦੇਸ਼ ਭਰ ਵਿੱਚ ਸ਼ੂਗਰ ਦੇ ਇਲਾਜ਼ ਅਤੇ ਇਸ ਦੀ ਦੇਖਭਾਲ ਤੱਕ ਪਹੁੰਚ ਵਧੀ।

ਕੈਨੇਡਾ ਦੇ ਸਿਹਤ ਮੰਤਰਾਲੇ ਨੇ ਡਾਇਬੀਟੀਜ਼ ਕੈਨੇਡਾ ਅਤੇ ਜੇਡੀਆਰਐਫ ਵਰਗੇ ਸੰਗਠਨਾਂ, ਆਦਿਵਾਸੀ ਸਮੂਹਾਂ ਅਤੇ ਵੱਖ-ਵੱਖ ਹਿੱਸੇਦਾਰਾਂ ਦੇ ਨਾਲ ਮਿਲ ਕੇ ਸ਼ੂਗਰ ਦੀ ਰੋਕਥਾਮ, ਇਲਾਜ ਅਤੇ ਪੁਨਰਵਾਸ ਯਤਨਾਂ ਨੂੰ ਵਧਾਉਣ ਦੇ ਉਦੇਸ਼ ਨਾਲ ਇੱਕ ਵਿਆਪਕ ਢਾਂਚਾ ਸਥਾਪਤ ਕੀਤਾ। ਇਸ ਨਾਲ ਸ਼ੂਗਰ ਦੀ ਰੋਕਥਾਮ ਅਤੇ ਇਲਾਜ ਵਿੱਚ ਲੱਗੇ ਸਿਹਤ ਸੰਭਾਲ ਪੇਸ਼ੇਵਰਾਂ ਲਈ ਲੋੜੀਂਦੀ ਸਿਖਲਾਈ, ਸਿੱਖਿਆ ਅਤੇ ਮਾਰਗਦਰਸ਼ਨ ਦੀ ਪਛਾਣ ਕਰਨ ਵਿੱਚ ਵੀ ਮਦਦ ਮਿਲੀ।

ਭਾਰਤ ਵਿੱਚ ਜਨਮੀ ਸੋਨੀਆ ਸਿੱਧੂ ਕੈਨੇਡਾ ਵਿੱਚ ਸ਼ੂਗਰ ਅਰੋਗ (ਡਾਇਬਟੀਜ਼) ਪਹਿਲਕਦਮੀ ਲਈ ਇੱਕ ਪ੍ਰਮੁੱਖ ਆਗੂ ਵਜੋਂ ਉੱਭਰੀ ਹੈ, 2015 ਤੋਂ ਬ੍ਰੈਂਪਟਨ ਸਾਊਥ ਲਈ ਸੰਸਦ ਮੈਂਬਰ ਵਜੋਂ ਸੇਵਾ ਨਿਭਾ ਰਹੀ ਹੈ। ਸਿਹਤ ਸੰਭਾਲ ਵਿੱਚ 18 ਸਾਲਾਂ ਦੇ ਤਜ਼ਰਬੇ ਦੇ ਨਾਲ, ਉਹ ਦੇਸ਼ ਦੀਆਂ ਸਿਹਤ ਸੰਭਾਲ ਜ਼ਰੂਰਤਾਂ ਦੀ ਡੂੰਘੀ ਸਮਝ ਨਾਲ ਲੈਸ ਰਾਜਨੀਤੀ ਵਿੱਚ ਦਾਖਲ ਹੋਈ ਸੀ।

ਸੋਮਵਾਰ ਸਵੇਰੇ, ਫਲੇਮ ਆਫ਼ ਹੋਪ ਦੀ 36ਵੀਂ ਵਰ੍ਹੇਗੰਢ ਮਨਾਉਣ ਲਈ ਲੰਡਨ ਦੇ ਬੈਂਟਿੰਗ ਹਾਊਸ ਨੈਸ਼ਨਲ ਹਿਸਟੋਰਿਕ ਸਾਈਟ, ਇਨਸੁਲਿਨ ਦੇ ਜਨਮ ਸਥਾਨ, ਦੇ ਬਾਹਰ ਉਹਨ ਨੂੰ ਉਹਨਾਂ ਦੇ ਨਾਂ ਦੀ ਇੱਟ ਲਗਾ ਕੇ ਉਹਨਾਂ ਨੂੰ ਸਨਮਾਨ ਕੀਤਾ ਗਿਆ। ਜੋ ਇਹ ਬ੍ਰੈਂਪਟਨ ਸਾਊਥ ਲਈ ਸੰਸਦ ਮੈਂਬਰ ਸੋਨੀਆ ਸਿੱਧੂ ਨੂੰ ਸ਼ੂਗਰ ਦਾ ਇਲਾਜ ਲੱਭਣ ਲਈ ਉਸਦੇ ਸਮਰਪਿਤ ਵਕਾਲਤ ਯਤਨਾਂ ਅਤੇ ਵਚਨਬੱਧਤਾ ਲਈ ਮਾਨਤਾ ਪ੍ਰਾਪਤ ਹੋਈ।

ਦਰਅਸਲ, ਸ਼ੂਗਰ ਅਤੇ ਪੂਰਵ-ਸ਼ੂਗਰ ਇਸ ਵੇਲੇ 11 ਮਿਲੀਅਨ ਕੈਨੇਡੀਅਨਾਂ ਨੂੰ ਪ੍ਰਭਾਵਿਤ ਕਰਦੇ ਹਨ, ਜੋ ਕਿ ਆਬਾਦੀ ਦਾ ਲਗਭਗ ਇੱਕ ਤਿਹਾਈ ਹਿੱਸਾ ਹਨ, ਅਤੇ ਜੇਕਰ ਇਲਾਜ ਨਾ ਕੀਤਾ ਜਾਵੇ ਤਾਂ ਇਹ ਗੰਭੀਰ, ਜਾਨਲੇਵਾ ਪੇਚੀਦਗੀਆਂ ਪੈਦਾ ਕਰ ਸਕਦੇ ਹਨ। ਦੱਖਣੀ ਏਸ਼ੀਆਈ ਮੂਲ ਦੇ ਵਿਅਕਤੀ ਨਸਲੀ ਸਮੂਹਾਂ ਵਿੱਚੋਂ ਇੱਕ ਹਨ ਜਿਨ੍ਹਾਂ ਵਿੱਚ ਟਾਈਪ 2 ਸ਼ੂਗਰ ਦੇ ਵਿਕਾਸ ਦਾ ਬਹੁਤ ਵੱਡਾ ਜੋਖ਼ਮ ਹੈ।

ਦੱਖਣੀ ਏਸ਼ੀਆਈ ਬੱਚਿਆਂ ਵਿੱਚ ਸ਼ੂਗਰ ਦੀ ਘਟਨਾ ਗੋਰੇ ਬਾਲਗਾਂ ਵਿੱਚ ਦੇਖੇ ਗਏ ਨਾਲੋਂ 2.3 ਗੁਣਾ ਵੱਧ ਹੈ, ਜੋ ਕਿ ਪ੍ਰਤੀ 100 ਵਿਅਕਤੀਆਂ ਵਿੱਚ ਸ਼ੂਗਰ ਦੇ 8.1 ਵਾਧੂ ਮਾਮਲਿਆਂ ਦੇ ਬਰਾਬਰ ਹੈ, ਜਿਵੇਂ ਕਿ ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਦੁਆਰਾ ਕਰਵਾਏ ਗਏ ਸਿਹਤ ਅਸਮਾਨਤਾਵਾਂ ’ਤੇ 2018 ਦੇ ਅਧਿਐਨ ਵਿੱਚ ਦੱਸਿਆ ਗਿਆ ਹੈ।

ਪਹਿਲੀ ਪੀੜ੍ਹੀ ਦੇ 431,765 ਦੱਖਣੀ ਏਸ਼ੀਆਈ ਪ੍ਰਵਾਸੀਆਂ ਵਿੱਚੋਂ, 68,440 ਵਿਅਕਤੀਆਂ, ਜਾਂ 15.9 ਪ੍ਰਤੀਸ਼ਤ, ਨੂੰ ਸ਼ੂਗਰ ਦੀ ਜਾਂਚ ਮਿਲੀ। ਉਮਰ, ਲੰ ?ਗ ਅਤੇ ਆਮਦਨੀ

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਰਜੀਤ ਸਿੰਘ ਫਲੋਰਾ
647-829-9397

ਦੇ ਸਮਾਯੋਜਨ ਤੋਂ ਬਾਅਦ, ਇਹ ਪਾਇਆ ਗਿਆ ਕਿ ਦੱਖਣੀ ਏਸ਼ੀਆਈ ਮੂਲ ਦੇ ਸ਼ ?ਰੀਲੰਕਾ ਦੇ ਲੋਕਾਂ ਵਿੱਚ ਸ਼ੂਗਰ ਦਾ ਸਭ ਤੋਂ ਵੱਧ ਪ੍ਰਸਾਰ 26.8 ਪ੍ਰਤੀਸ਼ਤ ਸੀ। ਇਸ ਦਰ ਤੋਂ ਬਾਅਦ ਬੰਗਲਾਦੇਸ਼ 22.2 ਪ੍ਰਤੀਸ਼ਤ, ਪਾਕਿਸਤਾਨ 19.6 ਪ੍ਰਤੀਸ਼ਤ, ਭਾਰਤ 18.3 ਪ੍ਰਤੀਸ਼ਤ ਅਤੇ ਨੇਪਾਲ 16.5 ਪ੍ਰਤੀਸ਼ਤ ਸੀ। ਗੈਰ-ਪ੍ਰਵਾਸੀਆਂ ਵਿੱਚ ਇਹ ਪ੍ਰਚਲਨ 11.6 ਪ੍ਰਤੀਸ਼ਤ ਸੀ। ਦੱਖਣੀ ਏਸ਼ੀਆਈ ਆਬਾਦੀ ਵਿੱਚ ਸ਼ੂਗਰ ਦਾ ਵਧਦਾ ਪ੍ਰਚਲਨ ਵੱਖ-ਵੱਖ ਸਮਾਜਿਕ-ਜਨਸੰਖਿਆ ਸੂਚਕਾਂ ਨਾਲ ਸੰਬੰਧਿਤ ਹੈ, ਜਿਨ੍ਹਾਂ ਵਿੱਚ ਆਮਦਨ, ਸਿੱਖਿਆ, ਅੰਗਰੇਜ਼ੀ ਮੁਹਾਰਤ, ਸ਼ਰਨਾਰਥੀ ਸਥਿਤੀ ਅਤੇ ਹੋਰ ਕਾਰਕ ਸ਼ਾਮਲ ਹਨ। ਨਸਲੀ ਵਰਗੇ ਕਈ ਕਾਰਕ, ਟਾਈਪ 2 ਸ਼ੂਗਰ ਨਾਲ ਜੁੜੇ ਹੋ ਸਕਦੇ ਹਨ। ਦੱਖਣੀ ਏਸ਼ੀਆਈ ਲੋਕਾਂ ਤੋਂ ਇਲਾਵਾ, ਵੱਡੇ ਜੋਖਮ ਵਾਲੀਆਂ ਹੋਰ ਆਬਾਦੀਆਂ ਵਿੱਚ ਆਦਿਵਾਸੀ ਲੋਕਾਂ ਦੇ ਨਾਲ-ਨਾਲ ਅਫ਼ਰੀਕੀ, ਕੈਰੇਬੀਅਨ ਅਤੇ ਕਾਲੇ ਭਾਈਚਾਰਿਆਂ ਦੇ ਵਿਅਕਤੀ ਸ਼ਾਮਲ ਹਨ। ਵਰਤਮਾਨ ਵਿੱਚ, ਕੈਨੇਡਾ ਦੀ ਆਬਾਦੀ ਦਾ ਲਗਭਗ 20 ਪ੍ਰਤੀਸ਼ਤ ਵਧੇਰੇ-ਜੋਖਮ ਵਜੋਂ ਸ਼ ?ਰੇਣੀਬੱਧ ਕੀਤਾ ਗਿਆ ਹੈ। ਡਾਇਬੀਟੀਜ਼ ਕੈਨੇਡਾ ਦੇ ਅਨੁਸਾਰ, ਪਿਛਲੇ ਦਹਾਕੇ ਵਿੱਚ ਸ਼ੂਗਰ ਦਾ ਪ੍ਰਚਲਨ 50 ਪ੍ਰਤੀਸ਼ਤ ਤੋਂ ਵੱਧ ਉਭਰਿਆ ਹੈ, ਅਨੁਮਾਨਾਂ ਤੋਂ ਪਤਾ ਚੱਲਦਾ ਹੈ ਕਿ ਆਉਣ ਵਾਲੇ ਦਹਾਕੇ ਵਿੱਚ ਦਰਾਂ ਆਪਣੇ ਉੱਪਰ ਵੱਲ ਵਧਣ ਦੇ ਰਾਹ ’ਤੇ ਜਾਰੀ ਰਹਿਣਗੀਆਂ।

ਆਦਿਵਾਸੀ ਲੋਕਾਂ ਨੂੰ ਆਮ ਆਬਾਦੀ ਨਾਲੋਂ ਲਗਭਗ ਤਿੰਨ ਗੁਣਾ ਵੱਧ ਦਰ ਨਾਲ ਸ਼ੂਗਰ ਦੇ ਨਿਦਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਬਰੈਂਪਟਨ ਤੋਂ ਸੰਸਦ ਮੈਂਬਰ ਸੌਨੀਆ ਸਿੱਧੂ ਦਾਅਵਾ ਕਰਦੀ ਹੈ ਕਿ ਉਸਨੇ ਡਾਇਬਟੀਜ਼ ਦੇ ਡੂੰਘੇ ਪ੍ਰਭਾਵ ਨੂੰ ਖੁਦ ਦੇਖਿਆ ਹੈ ਅਤੇ ਇਸਦੀ ਰੋਕਥਾਮਯੋਗ ਪ੍ਰਕਿਰਤੀ ਤੋਂ ਜਾਣੂ ਹੈ। ਡਾਇਬਟੀਜ਼ ਆਪਣੇ ਆਪ ਵਿੱਚ ਮਹੱਤਵਪੂਰਨ ਚੁਣੌਤੀਆਂ ਪੇਸ਼ ਕਰਦੀ ਹੈ, ਪਰ ਇਹ ਭਵਿੱਖ ਵਿੱਚ ਹੋਰ ਗੰਭੀਰ ਪੇਚੀਦਗੀਆਂ ਵੀ ਪੈਦਾ ਕਰਦੀ ਹੈ। ਡਾਇਬਟੀਜ਼ ਨਾਲ ਪੀੜਤ ਵਿਅਕਤੀਆਂ ਨੂੰ ਦਿਲ ਦੇ ਦੌਰੇ, ਗੁਰਦੇ ਫੇਲ੍ਹ ਹੋਣ, ਸਟ ?ਰੋਕ ਅਤੇ ਅੰਗ ਕੱਟਣ ਕਾਰਨ ਹਸਪਤਾਲ ਵਿੱਚ ਦਾਖਲ ਹੋਣ ਦਾ ਵੱਧ ਖ਼ਤਰਾ ਹੁੰਦਾ ਹੈ। ਉਨਟੈਰਿਉ ਵਿੱਚ ਪੀਲ ਖੇਤਰ, ਜੋ ਕਿ ਇੱਕ ਮਹੱਤਵਪੂਰਨ ਦੱਖਣੀ ਏਸ਼ੀਆਈ ਜਨਸੰਖਿਆ ਦੁਆਰਾ ਦਰਸਾਇਆ ਗਿਆ ਹੈ, ਵੱਖ-ਵੱਖ ਹੋਰ ਨਸਲੀ ਭਾਈਚਾਰਿਆਂ ਦੇ ਨਾਲ ਜੋ ਡਾਇਬਟੀਜ਼ ਪ੍ਰਤੀ ਵਧੀ ਹੋਈ ਕਮਜ਼ੋਰੀ ਨੂੰ ਪ੍ਰਦਰਸ਼ਿਤ ਕਰਦੇ ਹਨ, ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚੋਂ ਇੱਕ ਹੈ। ਸ਼ੂਗਰ ਨਾਲ ਸਬੰਧਤ ਵਿਅਕਤੀਆਂ ਅਤੇ ਘਟਨਾਵਾਂ ਦੀ ਯਾਦ ਵਿੱਚ ਬੈਂਟਿੰਗ ਹਾਊਸ ਦੇ ਆਲੇ-ਦੁਆਲੇ ਸੈਂਕੜੇ ਇੱਟਾਂ ਰੱਖੀਆਂ ਗਈਆਂ ਹਨ। ਜਿਹਨਾਂ ਵਿਚ ਇਕ ਹੋਰ ਇੱਟ ਦਾ ਵਾਧਾ ਸਿੱਧੂ ਦੀ ਇਲਾਜ ਦੀ ਖੋਜ ਪ੍ਰਤੀ ਅਟੁੱਟ ਵਚਨਬੱਧਤਾ ਦਾ ਸਨਮਾਨ ਕਰਨ ਵਾਲੀ ਇੱਕ ਇੱਟ ਹੈ। ਸਿੱਧੂ ਨੇ ਕਿਹਾ ਕਿ ਜੇਕਰ ਇਲਾਜ ਦੀ ਖੋਜ ਕਰਨ ਨਾਲ ਇਸ ਦਾ ਟੀਕਾ ਮਿਲ ਜਾਂਦਾ ਹੈ ਤਾਂ ਬਿਨਾਂ ਸ਼ੱਕ ਹਰ ਕੋਈ ਇੱਕ ਖੁਸ਼ਹਾਲ ਅਤੇ ਸਿਹਤਮੰਦ ਜੀਵਨ ਜੀ ਸਕਦਾ ਹੈ।

## ਅਸਲ ਜ਼ਿੰਦਗੀ ਕੀ ਹੈ.. ?

ਅੱਜ ਦਾ ਇਨਸਾਨ ਮਸ਼ੀਨਰੀ ਯੁੱਗ ਵਿੱਚ ਆਪਣੇ ਆਪ ਨੂੰ ਵੀ ਮਸ਼ੀਨ ਬਣਾਈ ਫਿਰਦਾ ਹੈ, ਜ਼ਿੰਦਗੀ ਦੀ ਭੱਜ ਦੌੜ ਵਿੱਚ ਉਹ ਆਪਣੇ ਆਲੇ ਦੁਆਲੇ ਦੀ ਦੁਨੀਆ ਤੋਂ ਬੇਮੁਖ ਹੋਇਆ ਫਿਰਦਾ ਹੈ, ਜੋ ਉਸ ਦੀ ਜ਼ਿੰਦਗੀ ਹੈ, ਹੀ ਨਹੀਂ, ਪਰ ਅਸਲ ਵਿੱਚ ਇਨਸਾਨ ਦੀ ਅਸਲ ਜ਼ਿੰਦਗੀ ਕੀ ਹੈ..? ਅਸੀਂ ਸੋਸ਼ਲ ਮੀਡੀਆ ਤੇ ਮਸ਼ੀਨਰੀ ਦੇ ਜੰਗਾਂ ਵਿੱਚ ਭੁੱਲੀ ਬੈਠੇ ਹਾਂ। ਅਸਲ ਜ਼ਿੰਦਗੀ ਕੀ ਹੈ ...? ਅਸੀਂ ਇਸ ਤੋਂ ਹੋਰ ਕੀ ਸਿੱਖ ਸਕਦੇ ਹਾਂ। ਜਿੰਦਗੀ ਵਿੱਚ ਹੋਰ ਕੀ ਵਧੀਆ ਕਰ ਸਕਦੇ ਹਾਂ। ਜਿੰਦਗੀ ਦੀ ਭੱਜ ਦੌੜ ਨੇ ਸਾਥੋਂ ਸਾਡਾ ਬਹੁਤ ਕੁਝ ਖੋਲਿਆ ਹੈ। ਸਾਡੇ ਆਪਣਿਆਂ ਤੋਂ ਦੂਰੀਆਂ ਵੱਧਦੀਆਂ ਜਾ ਰਹੀਆਂ ਹਨ ,ਅਸੀਂ ਆਪਣਿਆਂ ਕੋਲ ਹੋ ਕੇ ਵੀ ਨਹੀਂ ਹੁੰਦੇ, ਅਸੀਂ ਖਿਆਲਾਂ ਵਿੱਚ, ਕਾਹਲੀ ਵਿੱਚ, ਕਿਤੇ ਹੋਰ ਹੁੰਦੇ ਹਾਂ, ਪਿਆਰੇ ਦੋਸਤੋ ਜ਼ਿੰਦਗੀ ਬਹੁਤ ਛੋਟੀ ਹੈ। ਇਸ ਨੂੰ ਵੱਡੀ ਕਰਕੇ ਵੇਖਣਾ ਅਤੇ ਜਿਉਣਾ ਸਾਡੇ ਸਭ ਦੇ ਹੱਥ ਹੈ। ਪਰ ਅਸੀਂ ਉਹ ਨਹੀਂ ਕਰ ਰਹੇ। ਅਸਲ ਵਿੱਚ ਅਸੀਂ ਜਿੰਦਗੀ ਦਾ ਅਸਲ ਮਕਸਦ ਸਮਝ ਹੀ ਨਹੀਂ ਪਾਏ। ਅਸੀਂ ਸਾਰੇ ਬੱਚਿਆਂ ਦੀਆਂ ਗਲਤੀਆਂ ਤੋਂ ਸਿੱਖ ਸਕਦੇ ਹਾਂ, ਆਪਣਿਆਂ ਦੀ ਸੰਗਤ ਕਰਕੇ ਸਿੱਖ ਸਕਦੇ ਹਾਂ।ਬਦਲਦੇ ਦਿਨ-ਰਾਤ ਵੀ ਸਾਡੇ ਲਈ ਪ੍ਰੇਰਨਾਦਾਇਕ ਹਨ,ਕਿ ਅਸਲ ਜ਼ਿੰਦਗੀ ਕੀ ਹੈ ਤੇ ਸਾਨੂੰ ਅੱਗੇ ਕੀ ਸਿਖਣਾ ਚਾਹੀਦਾ ਹੈ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਪਲਵਿੰਦਰ ਕੌਰ ਹੈੱਡ ਟੀਚਰ
ਮੋਬਾਇਲ:-85560 01971

ਜੇਕਰ ਜਿੰਦਗੀ ਦਾ ਆਨੰਦ ਮਾਨਣਾ ਚਾਹੁੰਦੇ ਹੋ, ਤਾਂ ਆਪਣਿਆਂ ਨੂੰ ਸਮਾਂ ਦੇਣਾ ਪਵੇਗਾ। ਜਦੋਂ ਤੁਸੀਂ ਹਰੇਕ ਵਿਅਕਤੀ ਲਈ ਸਮਾਂ ਕੱਢਣ ਲੱਗ ਜਾਵੋਗੇ ਤਾਂ ਤੁਹਾਨੂੰ ਜ਼ਿੰਦਗੀ ਜਿਉਣੀ ਵੀ ਆ ਜਾਵੇਗੀ ਅਤੇ ਤੁਹਾਨੂੰ ਸਿੱਖਣਾ ਵੀ ਆ ਜਾਵੇਗਾ ,ਕਿ ਜ਼ਿੰਦਗੀ ਕੀ ਹੈ...? ਕਿਉਂਕਿ ਸਿੱਖਣਾ ਹੀ ਜ਼ਿੰਦਗੀ ਹੈ। ਜੇਕਰ ਤੁਸੀਂ ਸਿੱਖ ਨਹੀਂ ਰਹੇ ਤਾਂ ਜ਼ਿੰਦਗੀ ਨੂੰ ਜੀਅ ਵੀ ਨਹੀਂ ਰਹੇ। ਇਸ ਲਈ ਪਿਆਰੇ ਦੋਸਤੋ ਆਓ ਜਿੰਦਗੀ ਦੇ ਹਰੇਕ ਕਦਮ ਕਦਮ ਉੱਤੇ ਸਿੱਖੀਏ ਅਤੇ ਹੋਰਾਂ ਨੂੰ ਵੀ ਸਿੱਖਣ ਦਾ ਮੌਕਾ ਦਿੰਦੇ ਰਹੀਏ, ਤਾਹੀਓ ਅਸੀਂ ਦਿਮਾਗੀ ਤੌਰ ਤੇ ਮਜਬੂਤ ਅਤੇ ਸਰੀਰਕ ਪੱਖੋਂ ਤੰਦਰੁਸਤ ਰਹਾਂਗੇ। ਬਸ ਜ਼ਿੰਦਗੀ ਦਾ ਹਰੇਕ ਰੰਗ ਮਾਨਣਾ ਸਿਖੀਏ ਖੁਸ਼ੀ ਗਮੀ ਦੇ ਵਿੱਚ ਜ਼ਿੰਦਗੀ ਦੇ ਅਸਲੀ ਰੰਗ ਲੱਭੀਏ। ਅਕਾਲ ਪੁਰਖ ਦਾ ਧੰਨਵਾਦ ਕਰਦੇ ਰਹੀਏ ਤੇ ਜ਼ਿੰਦਗੀ ਜਿੰਦਾਬਾਦ ਆਖੀਏ।

## ਪੜ੍ਹਾਈ ਸਿਰ.ਫ ਨੌਕਰੀ ਲੱਗਣ ਲਈ ਹੀ ਨਹੀਂ ਬਲਕਿ ਨੈਤਿਕ ਕਦਰਾਂ ਕੀਮਤਾਂ ਸਿੱਖਣ ਲਈ ਵੀ ਹੈ ਜ਼ਰੂਰੀ।

ਅੱਜ ਦੇ ਸਮੇਂ ਵਿੱਚ ਹਰ ਇੱਕ ਇਨਸਾਨ ਦਾ ਪੜਿਆ ਲਿਖਿਆ ਹੋਣਾ ਬਹੁਤ ਜ਼ਰੂਰੀ ਹੈ। ਅਸੀਂ ਆਪਣੇ ਬੱਚੇ ਨੂੰ ਪੜ੍ਹਾਈ ਸਿਰ.ਫ ਇਸ ਲਈ ਨਾਂ ਕਰਵਾਈਏ ਕਿ ਉਹ ਵੱਡਾ ਹੋ ਕੇ ਨੋਕਰੀ ਲੱਗੇਗਾ ਬਲਕਿ ? ਪੜ੍ਹਾਈ ਇਸ ਲਈ ਵੀ ਜ਼ਰੂਰੀ ਹੈ ਕਿ ਸਾਡਾ ਬੱਚਾ ਸਕੂਲ ਵਿੱਚ ਚੰਗੀ ਪੜਾਈ ਕਰਕੇ ਨੈਤਿਕ ਕਦਰਾਂ ਕੀਮਤਾਂ ਸਿੱਖ ਕੇ ਇੱਕ ਅੱਛਾ ਇਨਸਾਨ ਬਣ ਕੇ ਦੁਨੀਆਂ ਵਿੱਚ ਵਿਚਰ ਸਕੇ।ਹੋ ਸਕਦਾ ਅੱਜ ਦੇ ਸਮਾਜ ਵਿੱਚ ਕਿਸੇ ਨੂੰ ਨੋਕਰੀ ਦੀ ਜ਼ਰੂਰਤ ਨਾ ਹੋਵੇ ਪਰ ਚੰਗੇ ਇਨਸਾਨ ਬਨਣ ਦੀ ਜ਼ਰੂਰਤ ਤਾਂ ਹਰੇਕ ਨੂੰ ਹੀ ਹੈ। ਸਾਡੇ ਬੱਚੇ ਸਕੂਲਾਂ ਵਿੱਚ ਪੜਾਈ ਕਰਕੇ ਹੀ ਸਿੱਖਣਗੇ ਕਿ ਅਸੀਂ ਅੱਜ ਦੇ ਸਮਾਜ ਵਿੱਚ ਦੁਨੀਆਂ ਨਾਲ ਕਿਵੇਂ ਵਿਚਰਨਾ ਹੈ, ਕਿਵੇਂ ਗੱਲਬਾਤ ਕਰਨੀ ਹੈ , ਵੱਡਿਆਂ ਛੋਟਿਆਂ ਦਾ ਆਦਰ ਕਿਵੇਂ ਕਰਨਾ ਹੈ। ਬੱਚਿਆਂ ਨੂੰ ਕਿਤਾਬੀ ਪੜ੍ਹਾਈ ਦੇ ਨਾਲ-ਨਾਲ ਦੁਨੀਆਂਦਾਰੀ ਦਾ ਗਿਆਨ ਵੀ ਕਰਵਾਉਣਾ ਚਾਹੀਦਾ ਹੈ। ਬੱਚਿਆਂ ਨੂੰ ਅੱਜ ਦੇ ਸਮੇਂ ਵਿੱਚ ਹਰ ਚੀਜ਼ ਦੀ ਪ੍ਰੈਕਟੀਕਲ ਨੋਲਜ਼ ਹੋਣਾ ਬਹੁਤ ਜ਼ਰੂਰੀ ਹੈ।ਅੱਜ ਤੱਕ ਸਾਨੂੰ ਸਿਰਫ ਇਹ ਹੀ ਕਿਹਾ ਜਾਂਦਾ ਰਿਹਾ ਹੈ ਕਿ ਤੁਸੀਂ ਇਸ ਲਈ ਪੜੋ ਤਾਂ ਜੋਂ ਤੁਹਾਨੂੰ ਬਹੁਤ ਵਧੀਆ ਨੋਕਰੀ ਮਿਲ ਸਕੇ ਪਰ ਦੂਸਰੇ ਪਾਸੇ ਅੱਜ ਕੱਲ ਪੜਾਈ ਦੀ ਜ਼ਰੂਰਤ ਹਰ ਕੰਮ ਲਈ ਹੀ ਪੈਂਦੀ ਹੈ।ਜੇਕਰ ਸਾਡੇ ਬੱਚੇ ਨੇ ਆਪਣਾ ਕੋਈ ਕਾਰੋਬਾਰ ਕਰਨਾ ਹੈ , ਕੋਈ ਵਪਾਰ ਕਰਨਾ ਹੈ ਜਾਂ ਫਿਰ ਬਾਹਰਲੇ ਦੇਸ਼ ਵੀ ਜਾਣਾਂ ਹੈ ਤਾਂ ਉਸ ਲਈ ਵੀ ਪੜਾਈ ਬਹੁਤ ਜ਼ਰੂਰੀ ਹੈ।ਜੇਕਰ ਅਸੀਂ ਪੜੇ ਲਿਖੇ ਹੋਵਾਂਗੇ ਤਾਂ ਹੀ ਅੱਜ ਦੇ ਮਾਡਰਨ ਯੁੱਗ ਵਿੱਚ ਡਿਜੀਟਲ ਤਰੀਕੇ ਨਾਲ ਕਾਰੋਬਾਰ ਕਰ ਸਕਾਂਗੇ।ਪਹਿਲੇ ਜ਼ਮਾਨੇ ਵਿਚ ਇਹ ਹੁੰਦਾ ਸੀ ਜਿੰਨਾ ਨੇ ਖੇਤੀਬਾੜੀ ਕਰਨੀ ਹੁੰਦੀ ਸੀ ਉਹਨਾਂ ਦੇ ਘਰਵਾਲ ? ਆਪਣੇ ਬੱਚੇ ਨੂੰ ਜ਼ਿਆਦਾ ਪੜ੍ਹਾਈ ਨਹੀਂ ਕਰਵਾਉਂਦੇ ਸੀ ਜਾਂ ਫਿਰ ਬਿਲਕੁੱਲ ਵੀ ਪੜਾਈ ਨਹੀਂ ਕਰਵਾਉਂਦੇ ਸਨ ਉਹ ਸੋਚਦੇ ਸਨ ਕਿ ਸਾਡੇ ਬੱਚੇ ਨੇ ਕਰਨੀ ਤਾਂ ਖੇਤੀਬਾੜੀ ਹੀ ਹੈ ਇਸ ਲਈ ਪੜ੍ਹਾਈ ਦੀ ਕਿ ਜ਼ਰੂਰਤ ਹੈ।ਪਰ ਅੱਜਕਲ੍ਹ ਖੇਤੀਬਾੜੀ ਕਰਨ ਲਈ ਪੜ੍ਹਾਈ ਕਰਨੀ ਬਹੁਤ ਜ਼ਰੂਰੀ ਹੋ ਗਈ ਹੈ ਕਿਉਂਕਿ ਖੇਤੀ ਮਾਡਰਨ ਹੋਣ ਲੱਗੀ ਹੈ ।ਜੇਕਰ ਅਸੀਂ ਪੜੇ ਲਿਖੇ ਹੋਵਾਂਗੇ ਤਾਂ ਨਵੇਂ ਨਵੇਂ ਤਰੀਕਿਆਂ ਨਾਲ ਖੇਤੀਬਾੜੀ ਕਰਕੇ .ਫਸਲੀ ਚੱਕਰ ਵਿਚੋਂ ਨਿਕਲ ਪਾਵਾਂਗੇ। ਜਿਹੜੀਆਂ ਦਵਾਈਆਂ ਸਪਰੇਆਂ ਫਸਲ ਨੂੰ ਹੁੰਦੀਆਂ ਹਨ ਉਹਨਾਂ ਦੇ ਨਾਮ ਵੀ ਅੰਗਰੇਜ਼ੀ ਵਿੱਚ ਹੀ ਹੁੰਦੇ ਹਨ ਜੇਕਰ ਅਸੀਂ ਪੜੇ ਲਿਖੇ ਹੋਵਾਂਗੇ ਤਾਂ ਹੀ ਪੜ ਪਾਵਾਂਗੇ।ਆੜਤੀਏ ਨਾਲ ਪੈਸੇ ਦੇ ਲੈਣ-ਦੇਣ ਦਾ ਹਿਸਾਬ ਕਿਤਾਬ ਵੀ ਅਸੀਂ ਤਦ ਹੀ ਕਰ ਪਾਵਾਂਗੇ ਜਦੋਂ ਸਾਨੂੰ ਪੂਰੀ ਜਾਣਕਾਰੀ ਹੋਵੇਗੀ ।ਪੜ੍ਹਾਈ ਲਿਖਾਈ ਕਰਕੇ ਸਾਨੂੰ ਨੋਕਰੀ ਲਈ ਜ਼ਰੂਰ ਮਿਹਨਤ ਕਰਨੀ ਚਾਹੀਦੀ ਹੈ ਪਰ ਨੋਕਰੀ ਨਾਂ ਮਿਲਣ ਤੇ ਨਿਰਾਸ਼ ਨਹੀਂ ਹੋਣਾ ਚਾਹੀਦਾ ਹੈ ਬਲਕਿ ਆਪਣੀ ਹੈਸੀਅਤ ਦੇ ਹਿਸਾਬ ਨਾਲ ਕਾਰੋਬਾਰ ਕਰ ਲੈਣਾ ਚਾਹੀਦਾ ਹੈ ਨਾਂ ਕਿ ਸੋਚ ਸਿਰ.ਫ ਨੋਕਰੀ ਲੱਗਣ ਤੱਕ ਨਹੀਂ ਹੋਣੀ ਚਾਹੀਦੀ ਹੈ ।ਅਸੀਂ ਅਕਸਰ ਹੀ ਦੇਖਦੇ ਹਾਂ ਕਿ ਬਹੁਤ ਸਾਰੇ ਨੋਜਵਾਨ ਨੋਕਰੀਆਂ ਦੀ ਭਾਲ ਵਿੱਚ ਬੇਰੁਜ਼ਗਾਰ ਰਹਿ ਜਾਂਦੇ ਹਨ ਪਰ ਉਹਨਾਂ ਨੂੰ ਨੋਕਰੀ ਨਹੀ ਮਿਲ ਪਾਉਂਦੀ। ਉਹਨਾਂ ਦੀ ਬਸ ਇਕ ਹੀ ਤਮੰਨਾ ਹੁੰਦੀ ਹੈ ਕਿ ਕਿਵੇਂ ਨਾ ਕਿਵੇਂ ਨੋਕਰੀ ਮਿਲ ਜਾਵੇ ।ਨੋਕਰੀ ਲੈਣ ਦੇ ਚੱਕਰ ਵਿੱਚ ਉਹ ਨੋਜਵਾਨ ਆਪਣਾ ਕੋਈ ਕਾਰੋਬਾਰ ਵੀ ਨਹੀਂ ਕਰ ਪਾਉਂਦੇ ਅਤੇ ਘਰ ਵਿੱਚ ਵਿਹਲੇ ਮਾਪਿਆਂ ਤੇ ਬੋਝ ਬਣੇ ਰਹਿੰਦੇ ਹਨ ਜਦਕਿ ਅਸੀਂ ਆਪਣੀ ਹੈਸੀਅਤ ਦੇ ਹਿਸਾਬ ਨਾਲ ਛੋਟੇ ਤੋਂ ਲੈ ਕੇ ਵੱਡਾ ਕਾਰੋਬਾਰ ਵੀ ਕਰ ਸਕਦੇ ਹਾਂ ਅਤੇ ਨੋਕਰੀ ਤੋਂ ਵੱਧ ਪੈਸੇ ਵੀ ਕਮਾ ਸਕਦੇ ਹਾਂ।

ਨਿਊਯਾਰਕ ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਰੀਨਾ ਰਾਣੀ,ਐਚ.ਟੀ
ਬਲਾਚੌਰ

# ਤਿੰਨ ਸੌ ਛੱਬੀ ਦਾ ਕੀ ਐ ?

ਗੱਲ ਕੋਈ 2017-18 ਦੀ ਹੈ ਕਿ ਮੈ ਆਪਣੇ ਪਰਿਵਾਰ ਨਾਲ ਸੱਚਖੰਡ ਸ਼ ?ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਗਿਆ ਸੀ। ਟਾਇਮ ਲੱਗਭਗ ਕੋਈ ਤਿੰਨ ਕੁ ਵਜੇ ਦਾ ਹੋਣਾ ਹੈ। ਮੈ ਸੱਚਖੰਡ ਸ਼ ?ਰੀ ਹਰਿਮੰਦਰ ਸਾਹਿਬ ਦੀ ਹਜ਼ੂਰੀ ਵਿੱਚ ਰਾਗੀ ਸਿੰਘਾਂ ਦੇ ਪਿੱਛੇ ਬੈਠ ਕੇ ਕੀਰਤਨ ਸਰਵਣ ਕਰ ਰਿਹਾ ਸੀ। ਬਹੁਤ ਅਨੰਦ ਆ ਰਿਹਾ ਸੀ। ਘਰ ਬਾਹਰ ਦਾ ਚੇਤਾ ਹੀ ਭੁੱਲ ਗਿਆ ਸੀ। ਮਨ ਮਨ ਵਿੱਚ ਹੀ ਸੋਚ ਰਿਹਾ ਸੀ ਕਿ ਵੱਧ ਤੋਂ ਵੱਧ ਸਮਾਂ ਇੱਥੇ ਗੁਜ਼ਰੇ। ਖੈਰ ਗ੍ਰਹਿਸਤੀ ਜੀਵਨ ਵਿੱਚ ਹੋਰ ਬਹੁਤ ਸਮਸਿਆਵਾਂ ਹੁੰਦੀਆਂ ਹਨ। ਮੇਰਾ ਨੂੰਹ ਪੁੱਤ ਲੰਗਰ ਵਿੱਚ ਸੇਵਾ ਕਰ ਰਹੇ ਸਨ। ਮੇਰੀ ਸਰਦਾਰਨੀ ਦੋਹਾਂ ਪੋਤਿਆਂ ਨੂੰ ਲੈਕੇ ਪਰਕਰਮਾ ਵਿੱਚ ਬੈਠੀ ਰਹੀ। ਸ਼ਾਮ ਦਾ ਵੇਲਾ ਹੋਇਆ ਅਸੀਂ ਸਾਰਿਆਂ ਨੇ ਰਲ ਕੇ ਲੰਗਰ ਛੱਕਿਆ। ਮੇਰੀ ਇੱਕ ਆਦਤ ਹੈ ਕਿ ਗੁਰੂਦੁਆਰੇ ਜਾਕੇ ਮੋਬਾਈਲ ਬੰਦ ਕਰਕੇ ਰੱਖ ਦੇਈਦਾ ਹੈ। ਮਨ ਵਿੱਚ ਖਿਆਲ ਆਇਆ ਕਿ ਮੋਬਾਇਲ ਖੋਲ ਕੇ ਵੇਖ ਲਵਾਂ ਕਿ ਕੋਈ ਸੁਨੇਹਾ ਤਾਂ ਨਹੀਂ ਆਇਆ। ਜਿਵੇਂ ਹੀ ਮੈ ਮੋਬਾਈਲ ਫੋਨ ਚਲਾਇਆ ਤਾਂ ਵੇਖਿਆ ਕਈ ਮਿਸ ਕਾਲਾਂ ਘਰੋਂ ਆਈਆਂ ਹੋਈਆਂ ਸਨ। ਮੈ ਸੋਚਿਆ ਕਿ ਕੋਈ ਖਾਸ ਗੱਲ ਹੋਵੇਗੀ ਜਿਹੜੀਆਂ ਇੰਨੀਆਂ ਮਿਸ ਕਾਲਾਂ ਆਈਆਂ ਹੋਈਆਂ ਹਨ। ਮੈ ਝੱਟ ਕਾਲ ਬੇਕ ਕੀਤੀ ,ਅਗੋ। ਮੇਰਾ ਵੱਡਾ ਭਰਾ ਬੋਲਿਆ। ਕੀ ਗੱਲ ਹੈ ਫੋਨ ਕਿਉ ਬੰਦ ਕੀਤਾ ਹੋਇਆ ਹੈ। ਮੈ ਹੱਸ ਕਿ ਕਿਹਾ ਕਿ ਮੈ ਬੜੀ ਮੁਸ਼ਕਿਲ ਨਾਲ ਸਮਾਂ ਕੱਢ ਕੇ ਸੱਚਖਡ ਸ਼ ?ਰੀ ਅਮ੍ਰਿਤਸਰ ਮੱਥਾ ਟੇਕਣ ਆਇਆ ਹਾਂ। ਕੀ ਉਥੇ ਵੀ ਮੋਬਾਇਲ ਹੀ ਸੁਣਦਾ ਰਹਾਂ। ਅਗੋਂ ਗੁੱਸੇ ਨਾਲ ਬੋਲਿਆ ਕਿ ਅਸੀਂ ਭਾਵੇ ਸਾਰੇ ਮਰ ਜਾਈਏ ਤੇ ਤੂੰ ਫੋਨ ਨਾ ਚਲਾ ਕੇ ਰੱਖੀ। ਮੈ ਕਿਹਾ ਕੀ ਆਫ਼ਤ ਇੰਨੀ ਆ ਗਈ। ਫਿਰ ਕੀ ਹੋਇਆ ਜੇ ਦੋ ਚਾਰ ਘੰਟੇ ਫੋਨ ਬੰਦ ਕਰ ਦਿੱਤਾ ਸੀ। ਤੁਸੀਂ ਗੱਲ ਦਸੋਂ ਕੀ ਕਹਿਣਾ ਹੈ। ਕਹਿਣਾ ਕੀ ਹੈ ਆਪਣੀ ਨਿਆਈ ਵਾਲੀ ਜ਼ਮੀਨ ਉਤੇ ਘੁੱਲੀ ਹੋਰੀ ਕਬਜ਼ਾ ਕਰਣ ਲੱਗ ਪਏ ਸੀ। ਅਸੀਂ ਸਾਰਿਆਂ ਨੇ ਰਲ ਕੇ ਉਹਨਾਂ ਨੂੰ ਰੋਕਿਆ। ਉਹ ਅਗੋਂ ਡੰਡੇ ਸੋਟੇ ਲੈਕੇ ਸਾਡੇ ਗਲ ਪੈ ਗਏ ਸੀ। ਫਿਰ ਕੀ ਹੋਇਆ ,÷ਹੋਣਾ ਕੀ ਸੀ÷ ਜੋ ਉਹਨਾਂ ਤੋਂ ਹੋਇਆ ਉਹਨਾਂ ਨੇ ਕੀਤਾ। ਜੋ ਸਾਡੇ ਕੋਲੋਂ ਹੋਇਆ ਉਹ ਅਸੀਂ ਕੀਤਾ। ਸੱਟਾਂ ਦੋਹਾਂ ਧਿਰਾਂ ਨੂੰ ਲੱਗ ਗਈਆਂ ਹਨ। ਕੋਈ ਡੂੰਗੀ ਸੱਟ ਤਾਂ ਕਿਸੇ ਨੂੰ ਨਹੀਂ ਲੱਗੀ ਕਿਸੇ ਨੂੰ ਮੈ ਪੁੱਛਿਆ। ਇਸ ਬਾਰੇ ਤਾਂ ਮੈਨੂੰ ਨਹੀਂ ਪਤਾ ਪਰ ਮੈਨੂੰ ਸੱਟਾਂ ਵਾਹਵਾ ਲੱਗ ਗਈਆਂ ਹਨ। ਹੁਣ ਤੁਸੀਂ ਇਸ ਵੇਲੇ ਕਿੱਥੇ ਹੋ। ਮੈ ਤੇ ਆਪਣੇ ਬੰਦੇ ਫਿਰੋਜ਼ਪੁਰ ਆ ਕੇ ਸਿਵਲ ਹਸਪਤਾਲ ਵਿੱਚ ਦਾਖਲ ਹੋਏ ਹਾਂ। ਪਤਾ ਲੱਗਾ ਹੈ ਕਿ ਉਹਨਾਂ ਦੀ ਪਾਰਟੀ ਦੇ ਬੰਦੇ ਫਰੀਦਕੋਟ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿੱਚ ਦਾਖਲ ਹੋ ਗਏ ਹਨ। ਮੈ ਕਿਹਾ ਕੋਈ ਗੱਲ ਨਹੀਂ ਮੈ ਹੁਣੇ ਹੀ ਉਥੋਂ ਤੁਰ ਪੈਂਦਾ ਹਾਂ। ਅਸੀਂ ਸਾਰੇ ਪਰਿਵਾਰ ਨੇ ਰਾਤ ਉਥੇ ਹੀ ਰਹਿਣ ਦਾ ਪ੍ਰੋਗਰਾਮ ਬਣਾਇਆ ਸੀ। ਪਰ ਅਸੀਂ ਉਥੋਂ ਤੁਰ ਪਏ। ਰਾਤ ਦੇ ਕੋਈ ਅੱਠ ਕੁ ਵਜ਼ੇ ਅਸੀਂ ਸਿਵਲ ਹਸਪਤਾਲ ਪਹੁੰਚੇ। ਭਰਾਵਾਂ ਦਾ ਹਾਲ ਚਾਲ ਪੁੱਛਿਆ ,ਥੋੜ੍ਹਾ ਚਿਰ ਬੈਠੇ ਤੇ ਅਸੀਂ ਆਪਣੇ ਪਿੰਡ ਆ ਗਏ। ਫਿਰੋਜ਼ਪੁਰ ਤੋਂ ਪਿੰਡ ਵੜ੍ਹਦਿਆਂ ਸਾਰ ਹੀ ਥਾਣਾ ਹੈ। ਮੈ ਗੱਡੀ ਰੋਕ ਕੇ ਠਾਣੇ ਦੇ ਅੰਦਰ ਗਿਆ। ਅਜ਼ੇ ਐਸ ਐਚ ਓ ਬੈਠਾ ਹੋਇਆ ਸੀ। ਮੈ ਉਸ ਕੋਲ ਬੈਠ ਕੇ ਸਾਰੀ ਜਾਣਕਾਰੀ ਲਈ ਤੇ ਗੱਲਬਾਤ ਕੀਤੀ। ਕਿਉਂਕਿ ਮੈ ਉਸ ਵਕਤ ਮਜੂਦਾ ਆਪਣੇ ਪਿੰਡ ਦਾ ਸਰਪੰਚ ਸੀ। ਮੇਰੀ ਗੱਲ ਵਲ ਥਾਣੇਦਾਰ ਨੇ ਬਹੁਤਾ ਧਿਆਨ ਨਾ ਦਿੱਤਾ। ਖੈਰ ਮੈ ਗੱਲ ਸਮਝ ਗਿਆ ਕਿ ਸਾਡੀ ਵਿਰੋਧੀ ਧਿਰ ਕੋਈ ਧੂਪ ਬੱਤੀ ਕਰ ਗਈ ਹੋਵੇਗੀ। ਖੈਰ ਮੈ ਉੱਠਣ ਲੱਗਿਆ ਐਸ ਐਚ ਓ ਸਾਬ ਨੂੰ ਕਿਹਾ ਕਿ ਜਨਾਬ ਦੋਹਾਂ ਹੀ ਧਿਰਾਂ ਦਾ ਨਾਂਅ ਉਹਨਾਂ ਹੀ ਬੰਦਿਆ ਦਾ ਪਾਇਆ ਜੇ ਜਿਹੜੇ ਉਸ ਵਕਤ ਮੌਕੇ ਉਤੇ ਸ਼ਾਮਿਲ ਸਨ। ਬਾਕੀ ਮੈ ਸਵੇਰੇ ਚੰਗੇ ਚੰਗੇ ਬੰਦੇ ਇੱਕਠੇ ਕਰਕੇ ਰਾਜ਼ੀਨਾਵਾਂ ਕਰਵਾ ਦਿਆਂਗਾ। ਬਾਕੀ ਵਾਹਿਗੁਰੂ ਕਿਰਪਾ ਕਰੇ ਸਵੇਰੇ ਸਭ ਠੀਕ ਹੋ ਜਾਵੇਂਗਾ। ਦਿਨ ਚੜਿਆ ਕੋਈ ਅੱਠ ਕੁ ਵਜੇ ਮੈ ਠਾਣੇ ਗਿਆ। ਮੈ ਜਾਂਦਿਆ ਮੁਨਸ਼ੀ ਨੂੰ ਪੁੱਛਿਆ ਕਿ ਕੀ ਰਾਤ ਨੂੰ ਐਫ ਆਈ ਆਰ ਕੱਟ ਦਿੱਤੀ ਹੈ ਜਾਂ ਨਹੀਂ। ਉਹ ਅਗੋ ਕਹਿਣ ਲੱਗਾ ਸਰਪੰਚ ਸਾਬ ਜਨਾਬ ਰਾਤ ਦੇ ਇੱਥੇ ਹੀ ਹਨ। ਹੁਣੇ ਉਹ ਫ਼ਰੈਸ਼ ਹੋ ਕੇ ਆ ਜਾਂਦੇ ਹਨ। ਤੁਹਾਨੂੰ ਦੱਸ ਦੇਣਗੇ। ਸਾਡੀ ਗਲਬਾਤ ਦੁਰਾਨ ਹੀ ਐਸ ਐਚ ਓ ਆ ਗਿਆ। ਕੋਈ ਸੱਤ ਨਹੀਂ ਕੁਸੱਤ। ਨਹੀਂ। ਮੁਨਸ਼ੀ ਜੀ ਐਫ ਆਈ ਆਰ ਦੀ ਇੱਕ ਕਾਪੀ ਇਹਨਾਂ ਨੂੰ ਦੇ ਦਿਉ। ਮੁਨਸ਼ੀ ਨੇ ਝੱਟ ਕੰਪਿਊਟਰ ਤੋਂ ਕਾਪੀ ਕੱਢ ਕੇ ਮੇਰੇ ਹੱਥ ਫੜ੍ਹਾਈ। ਮੈ ਹਾਲੇ ਨਿਗ ?ਹਾ ਹੀ ਮਾਰਨ ਸੀ ਐਸ ਐਚ ਓ ਬੋਲ ਪਿਆ ਸਰਪੰਚ ਸਾਬ ਇਸ ਲੜਾਈ ਦੇ ਤੁਸੀਂ ਮੁੱਖ ਬੰਦੇ ਹੋ। ਸਭ ਤੋਂ ਪਹਿਲਾਂ ਵਾਰ ਟਕੂਏ ਨਾਲ ਤੁਹਾਡੇ ਵਲੋਂ ਕੀਤਾ ਗਿਆ ਹੈ ਜੋ ਕਿ ਐਫ ਆਈ ਆਰ ਦੇ ਵਿੱਚ ਲਿਖਵਾਇਆ ਗਿਆ ਹੈ। ਮੈ ਤੁਹਾਡੀ ਇੱਕ ਮੱਦਦ ਕਰ ਰਿਹਾ ਹਾਂ ਕਿ ਤੁਸੀਂ ਇਥੋਂ ਚੁੱਪ ਕਰਕੇ ਨਿੱਕਲ ਜਾਉ। ਨਹੀਂ ਤਾਂ ਸਾਨੂੰ ਤੁਹਾਡੀ ਗ੍ਰਿਫਤਾਰੀ ਪਾਉਣੀ ਪਵੇਗੀ। ਮੈ ਸੋਚਣ ਲਈ ਮਜ਼ਬੂਰ ਹੋ ਗਿਆ ਚੁੱਪ ਚੁਪੀਤਾ ਉਥੋਂ ਚੱਲਦਾ ਬਣਿਆ। ਮੋਬਾਈਲ ਕੀਤਾ ਬੰਦ ਤੇ ਮੈ ਆਪਣੇ ਦੂਰ ਦੇ ਰਿਸਤੇਦਾਰ ਕੋਲ ਚਲਾ ਗਿਆ। ਰਾਹ ਵਿੱਚ ਇਹੋ ਹੀ ਸੋਚਦਾ ਗਿਆ ਕਿ ਕਿਹੋ ਜਿਹਾ ਜ਼ਮਾਨਾ ਆ ਗਿਆ ਹੈ। ਸਾਰਾ ਹੀ ਝੂਠ ਕਿਸੇ ਨੇ ਵੀ ਇਹ ਕਹਿਣ ਦੀ ਹਿੰਮਤ ਨਹੀਂ ਕੀਤੀ। ਕਿ ਉਹ ਬੰਦਾ ਤਾਂ ਇੱਥੇ ਨੇੜੇ ਤੇੜੇ ਵੀ ਨਹੀਂ ਸੀ। ਮੈ ਜਿਸ ਰਿਸਤੇਦਾਰ ਕੋਲ ਪਹੁੰਚਿਆ ਉਸ ਨੂੰ ਸਾਰੀ ਵਾਰਦਾਤ ਸੁਣਾਈ। ਉਹ ਅਗੋਂ ਹੱਸ ਕੇ ਕਹਿੰਦਾ ਭਰਾਵਾਂ ਇਹ ਕਿਹੜੀ ਵੱਡੀ ਗੱਲ ਹੈ। ਤੂੰ ਨਵਾਂ ਨਵਾਂ ਪਿੰਡ ਆਇਆ ਏ ਫੌਜ਼ ਵਿੱਚੋ। ਮੈ ਕਿਹਾ ਨਵੇਂ ਦੀ ਤਾਂ ਕੋਈ ਗੱਲ ਨਹੀਂ। ਪਰ। ......?ਉਹ ਫਿਰ ਬੋਲਿਆ ਘਬਰਾਉਣ ਦੀ ਕੋਈ ਗੱਲ ਨਹੀਂ ਆਪਾਂ ਵੀ ਅੱਜ ਹੀ ਉਹਨਾਂ ਉਤੇ ਧਾਰਾ ਤਿੰਨ ਸੌ ਛੱਬੀ ਬਣਵਾ ਕੇ ਲਵਾ ਦਿੰਦੇ ਹਾਂ। ਮੈ ਕਿਹਾ ਕਿ ਮੈ ਲੜਾਈ ਦੇ ਸਮੇ ਸੱਚਖੰਡ ਸ਼ ?ਰੀ ਅਮ੍ਰਿਤਸਰ ਸੀ। ਫਿਰ ਕੀ ਹੋਇਆ ਹੁਣ ਤਾਂ ਤੇਰਾ ਨਾਂਅ ਐਫ ਆਈ ਆਰ ਵਿੱਚ ਸ਼ਾਮਿਲ ਹੋ ਗਿਆ ਹੈ। ਤੂੰ ਭਾਵੇ ਲੜਾਈ ਵਿੱਚ ਸ਼ਾਮਲ ਸੀ ਜਾਂ ਨਹੀਂ। ਪਰ ਅਦਾਲਤ ਵਲੋਂ ਤੂੰ ਵੀ ਮੁਰਜ਼ਮ ਬਣ ਗਿਆ ਹੈ। ਇਸ ਕਰਕੇ ਚਾਰ ਪੈਸਿਆਂ ਦਾ ਇੰਤਜ਼ਾਮ ਕਰ ਲੈ। ਮੈ ਹੁਣੇ ਹੀ ਆਪਣੇ ਸੱਜਣ ਨੂੰ ਕਹਿੰਦਾ ਹਾਂ। ਉਹ ਸੀਨੀਅਰ ਮੈਡੀਕਲ ਅਫਸਰ ਨਾਲ ਗੱਲ ਕਰਕੇ ਪੈਸੇ ਮੁਕਾਕੇ ਦੱਸ ਦਿੰਦਾ ਹੈ। ਪਰ ਮੈਨੂੰ ਸੱਟ .......?ਸਰਪੰਚ ਸਾਬ ਰੁਪਇਆ ਸਭ ਦਾ ਭੈਣਵਇਆ ਹੁੰਦਾ ਹੈ। ਸਭ ਸੱਟਾ ਵੱਟਾਂ ਬਣ ਜਾਂਦੀਆਂ ਨੇ ਤੂੰ ਵੇਖਦਾ ਚੱਲ ਕੀ ਬਣਦਾ ਏ। ਅਸੀਂ ਕਈਆਂ ਦੀਆਂ ਛਬੀਆਂ ਬਣਵਾਈਆਂ ਤੇ ਕਈਆਂ ਦੀਆਂ ਹੱਟਵਾਈਆਂ ਨੇ। ਉਸ ਨੇ ਮੇਰੇ ਸਾਹਮਣੇ ਫੋਨ ਲੈ ਲਿਆ ਸਾਰੀ ਗਲਬਾਤ ਉਸ ਨੂੰ ਦਸੀ। ਉਸ ਨੇ ਸੁਣ ਕੇ ਝੱਟ ਅਮਲ ਕਰਕੇ ਅੱਗੇ ਗਲਬਾਤ ਕਰਕੇ ਫੋਨ ਵਾਪਿਸ ਕਰ ਦਿਤਾ। ਹਾਂ ਜੀ ਗੱਲਬਾਤ ਸਾਰੀ ਹੋ ਗਈ ਹੈ ਪੈਸਿਆਂ ਦਾ ਵੀ ਮੁੱਕ ਮੁਕਾ ਵੀ ਹੋ ਗਿਆ ਹੈ। ਤੁਸੀਂ ਬੰਦੇ ਨੂੰ ਹਸਪਤਾਲ ਲੈ ਕੇ ਆ ਜਾਉ। ਪੈਸਿਆਂ ਦੀ ਗੱਲ ਮੈ ਫੋਨ ਤੇ ਨਹੀਂ ਦੱਸ ਸਕਦਾ। ਰਿਸਤੇਦਾਰ ਮੈਨੂੰ ਹੱਸ ਕੇ ਕਹਿੰਦਾ ਤੈਨੂੰ ਕਿਹਾ ਸੀ ਨ। ਅੱਜਕਲ ਧਾਰਾ ਤਿੰਨ ਸੌ ਛੱਬੀ ਦਾ ਕਿ ਐ। ਭਰਾਜੀ ਪਰ ਮੈ ਝੂਠ ਨਹੀਂ ਬੋਲ ਸਕਦਾ। ਖਸਮਾਂ ਉਹਨਾਂ ਨੇ ਤੇਰਾ ਨਾਂਅ ਲਿਖਵਾ ਕੇ ਕੀ ਸੱਚ ਬੋਲਿਆ ਹੈ। ਲੋਹੇ ਨੂੰ ਲੋਹਾ ਹੀ ਵੱਢਦਾ ਹੈ ਤੂੰ ਵੇਖੀ ਚੱਲ ..........ਪਰ ਮੈ ਹੈਰਾਨ ਜ਼ਰੂਰ ਹੋ ਰਿਹਾ ਸੀ ਕਿ ਕਿਹੋ ਜਿਹਾ ਜ਼ਮਾਨਾ ਆ ਗਿਆ ਹੈ। ਸਭ ਝੂਠ.... ਸਭ ਝੂਠੇ ਪਰਚੇ। ਗੁਰਦਾਸ ਮਾਨ ਦੇ ਗੀਤ ਦੀਆਂ ਸਤਰਾਂ ਮੇਰੇ ਦਿਮਾਗ ਵਿੱਚ ਘੁੰਮਣ ਲੱਗ ਪਈਆਂ ਕਿ ÷ਕੀ ਬਣੂ ਦੁਨੀਆਂ ਦਾ ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ

ਨਿਊਜਾਰਕ ਪ੍ਰੀਤਨਾਮਾ ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ 7589155501

# ਕਰਨਾਟਕ ਦੀ ਗੁਫ਼ਾ ਵਿੱਚ ਦੋ ਬੱਚੀਆਂ ਨਾਲ ਮਿਲੀ ਰੂਸੀ ਮਹਿਲਾ ਨੇ ਕਿਹਾ, ਸਾਨੂੰ ਜੰਗਲਾਂ 'ਚ ਰਹਿਣ ਦਾ ਤਜਰਬਾ, ਅਸੀਂ ਮਰ ਨਹੀਂ ਰਹੇ



ਪੁਲਿਸ ਨੂੰ ਕਰਨਾਟਕ ਦੇ ਉੱਤਰੀ ਕੰਨੜ ਜ਼ਿਲ੍ਹੇ ਦੇ ਇੱਕ ਦੂਰ-ਦੁਰਾਡੇ ਇਲਾਕੇ ਵਿੱਚ ਇੱਕ ਗੁਫ਼ਾ ਵਿੱਚ ਇੱਕ ਰੂਸੀ ਔਰਤ ਆਪਣੀਆਂ ਦੋ ਬੱਚੀਆਂ ਨਾਲ ਮਿਲੀ ਹੈ। ਪੁਲਿਸ ਉਸ ਵੇਲੇ ਹੈਰਾਨ ਰਹਿ ਗਈ ਜਦੋਂ ਗਸ਼ਤ ਕਰਨ ਵਾਲੀ ਟੀਮ ਨੇ ਗੁਫ਼ਾ ਦੇ ਪ੍ਰਵੇਸ਼ ਦੁਆਰ ਤੋਂ ਤਕਰੀਬਨ '700 ਤੋਂ 800 ਮੀਟਰ ਹੇਠਾਂ' ਕੁਝ ਕੱਪੜੇ ਦੇਖੇ, ਜੋ ਗੁਫ਼ਾ ਵਿੱਚ ਕਿਸੇ ਦੀ ਮੌਜੂਦਗੀ ਦਾ ਸੰਕੇਤ ਦਿੰਦੇ ਸਨ। ਜਦੋਂ ਗਸ਼ਤ ਕਰਨ ਵਾਲੀ ਟੀਮ ਜੰਗਲ ਵਿੱਚੋਂ ਲੰਘ ਰਹੀ ਸੀ, ਤਾਂ ਉਨ੍ਹਾਂ ਨੇ ਇੱਕ ਵਿਦੇਸ਼ੀ ਕੁੜੀ ਨੂੰ ਗੁਫ਼ਾ ਵਿੱਚੋਂ ਬਾਹਰ ਭੱਜਦੇ ਦੇਖਿਆ। ਬੱਚੀ ਨੂੰ ਜੰਗਲ ਵਿੱਚ ਦੇਖ ਕੇ ਪੁਲਿਸ ਦੀ ਟੀਮ ਹੈਰਾਨ ਰਹਿ ਗਈ। ਪੁਲਿਸ ਦਾ ਕਹਿਣਾ ਹੈ ਕਿ ਇਹ ਔਰਤ ਸਾਲ 2016 ਵਿੱਚ ਕਾਰੋਬਾਰੀ ਵੀਜ਼ੇ 'ਤੇ ਭਾਰਤ ਆਈ ਸੀ ਅਤੇ ਉਸ ਦਾ ਵੀਜ਼ਾ ਤਕਰੀਬਨ ਅੱਠ ਸਾਲ ਪਹਿਲਾਂ ਖ਼ਤਮ ਹੋ ਚੁੱਕਿਆ ਹੈ। ਹੁਣ ਮਹਿਲਾ ਨੂੰ ਰੂਸ ਵਾਪਸ ਭੇਜਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

**ਜੰਗਲ ਵਿੱਚ ਕਿਵੇਂ ਪਹੁੰਚੀ ਮਹਿਲਾ ?**

ਉੱਤਰ ਕੰਨੜ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ ਐੱਮ ਨਾਰਾਇਣ ਨੇ ਬੀਬੀਸੀ ਹਿੰਦੀ ਨੂੰ ਦੱਸਿਆ, ÷9 ਜੁਲਾਈ ਨੂੰ ਅਸੀਂ ਗੁਫ਼ਾ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਗ਼ਸ਼ਤ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਦੇਖਿਆ। ਇਹ ਇਲਾਕਾ ਇਸ ਲਈ ਵੀ ਖ਼ਤਰਨਾਕ ਹੈ ਕਿਉਂਕਿ ਪਿਛਲੇ ਸਾਲ ਰਾਮ-ਤੀਰਥ ਪਹਾੜੀਆਂ ਦੇ ਆਲੇ-ਦੁਆਲੇ ਜ਼ਮੀਨ ਖਿਸਕ ਗਈ ਸੀ। ਇਸ ਲਈ ਪੁਲਿਸ ਦੀ ਟੀਮ ਇਸ ਖੇਤਰ ਵਿੱਚ ਮੁਸ਼ਤੈਦੀ ਨਾਲ ਗਸ਼ਤ ਕਰ ਰਹੀ ਸੀ। ਹਾਲਾਂਕਿ, 40 ਸਾਲਾ ਰੂਸੀ ਮਹਿਲਾ ਨੀਨਾ ਕੁਟੀਨਾ ਅਤੇ ਉਨ੍ਹਾਂ ਦੀਆਂ ਦੋ ਧੀਆਂ ਛੇ ਸਾਲਾਂ ਦੀ ਪ੍ਰੇਮਾ ਅਤੇ ਚਾਰ ਸਾਲਾਂ ਦੀ ਏਮਾ ਉਸ ਜਗ ?ਹਾ 'ਤੇ ਕਾਫ਼ੀ ਸਹਿਜ ਸਨ। ਪੁਲਿਸ ਸੁਪਰਡੈਂਟ ਨੇ ਕਿਹਾ, ÷ਸਾਨੂੰ ਉਨ੍ਹਾਂ ਨੂੰ ਇਹ ਸਮਝਾਉਣ ਵਿੱਚ ਥੋੜ੍ਹਾ ਸਮਾਂ ਲੱਗਿਆ ਕਿ ਉੱਥੇ ਰਹਿਣਾ ਕਿੰਨਾ ਖਤਰਨਾਕ ਹੈ। ਇੱਕ ਹਫ਼ਤਾ ਪਹਿਲਾਂ, ਨੀਨਾ ਕੁਝ ਸਬਜ਼ੀਆਂ ਅਤੇ ਰਾਸ਼ਨ ਦੀਆਂ ਚੀਜ਼ਾਂ ਲੈ ਕੇ ਆਏ ਸਨ ਅਤੇ ਖਾਣਾ ਪਕਾਉਣ ਲਈ ਉਨ੍ਹਾਂ ਨੇ ਜੰਗਲ ਦੀ ਲੱਕੜ ਦੀ ਵਰਤੋਂ ਕੀਤੀ ਸੀ। ਪੁਲਿਸ ਨੂੰ ਉੱਥੇ ਨੂਡਲਜ਼ ਦੇ ਪੈਕੇਟ ਅਤੇ ਇੱਕ ਪ੍ਰਸਿੱਧ ਬ੍ਰਾਂਡ ਦੇ ਸਲਾਦ ਦਾ ਪੈਕੇਟ ਵੀ ਮਿਲਿਆ ਸੀ।

**'ਗੁਫ਼ਾ ਵਿੱਚ ਪੂਜਾ ਕਰਦੇ ਹੋਏ ਮਿਲੀ'**

ਖ਼ਬਰ ਏਜੰਸੀ ਏਐੱਨਆਈ ਮੁਤਾਬਕ, ਜਦੋਂ ਪੁਲਿਸ ਨੇ ਮਹਿਲਾ ਤੋਂ ਪੁੱਛਗਿੱਛ ਕੀਤੀ ਤਾਂ ਉਨ੍ਹਾਂ ਨੇ ਦੱਸਿਆ ਕਿ ਉਹ ਗੋਆ ਤੋਂ ਆਪਣੀਆਂ ਧੀਆਂ ਨਾਲ ਇੱਥੇ ਆਏ ਹਨ। ਪੁਲਿਸ ਅਧਿਕਾਰੀ ਨੇ ਕਿਹਾ, ÷ਸਾਡੀ ਟੀਮ ਨੇ ਉਨ੍ਹਾਂ ਨੂੰ ਪਾਂਡੂਰੰਗ ਵਿੱਠਲ ਦੀ ਮੂਰਤੀ ਦੀ ਪੂਜਾ ਕਰਦੇ ਹੋਏ ਦੇਖਿਆ। ਮਹਿਲਾ ਨੇ ਕਿਹਾ ਕਿ ਭਗਵਾਨ ਕ੍ਰਿਸ਼ਨ ਨੇ ਉਨ੍ਹਾਂ ਨੂੰ ਇੱਥੇ ਧਿਆਨ ਕਰਨ ਲਈ ਭੇਜਿਆ ਹੈ ਅਤੇ ਉਹ ਤਪੱਸਿਆ ਕਰ ਰਹੇ ਹਨ।÷ ਨੀਨਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਾਸਪੋਰਟ ਗੁਆਚ ਗਿਆ ਸੀ, ਪਰ ਪੁਲਿਸ ਅਤੇ ਜੰਗਲਾਤ ਅਧਿਕਾਰੀਆਂ ਨੇ ਉਨ੍ਹਾਂ ਦਾ ਪਾਸਪੋਰਟ ਲੱਭ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅਕਸਰ ਭਾਰਤ ਆਉਂਦੇ-ਜਾਂਦੇ ਰਹਿੰਦੇ ਸਨ, ਪਰ ਉਨ੍ਹਾਂ ਦਾ ਵੀਜ਼ਾ 2017 ਹੀ ਵਿੱਚ ਖ਼ਤਮ ਹੋ ਗਿਆ ਸੀ। ਨੀਨਾ 18 ਅਕਤੂਬਰ 2016 ਤੋਂ 17 ਅਪ੍ਰੈਲ 2017 ਤੱਕ ਕਾਰੋਬਾਰੀ ਵੀਜ਼ੇ 'ਤੇ ਭਾਰਤ ਆਏ ਸਨ। ਗੋਆ ਫਾਰਨਰਜ਼ ਰੀਜਨਲ ਰਜਿਸਟ ?ਰੇਸ਼ਨ ਆਫ਼ਿਸ (ਐੱਫਆਰਆਰਓ) ਨੇ ਉਨ੍ਹਾਂ ਨੂੰ 19 ਅਪ੍ਰੈਲ 2018 ਨੂੰ ਐਗਜ਼ਿਟ ਪਰਮਿਟ ਜਾਰੀ ਕੀਤਾ ਸੀ। ਉਹ ਨੇਪਾਲ ਗਏ ਅਤੇ ਬਾਅਦ ਵਿੱਚ 8 ਸਤੰਬਰ 2018 ਨੂੰ ਭਾਰਤ ਵਾਪਸ ਆ ਗਏ। ਫ਼ ?ਲਹਾਲ, ਪੁਲਿਸ ਮਹਿਲਾ ਨੂੰ ਇੱਕ ਆਸ਼ਰਮ ਅਤੇ ਬੱਚੀਆਂ ਨੂੰ ਬਾਲ ਘਰ ਲੈ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਨੀਨਾ ਅਤੇ ਬੱਚੀਆਂ ਨੂੰ ਬੈਂਗਲੁਰੂ ਵਿੱਚ ਵਿਦੇਸ਼ੀ ਨਾਗਰਿਕਾਂ ਲਈ ਬਣਾਏ ਗਏ ਡਿਟੈਂਸ਼ਨ ਸੈਂਟਰ ਵਿੱਚ ਲਿਆਂਦਾ ਜਾਵੇਗਾ ਅਤੇ ਫਿਰ ਰੂਸ ਭੇਜਿਆ ਜਾਵੇਗਾ।

**ਨੀਨਾ ਨੇ ਕੀ ਕਿਹਾ**

ਖ਼ਬਰ ਏਜੰਸੀ ਏਐੱਨਆਈ ਮੁਤਾਬਕ ਨੀਨਾ ਨੇ ਉਨ੍ਹਾਂ ਬਾਰੇ ਕੀਤੇ ਗਏ ਦਾਅਵਿਆਂ ਨੂੰ ਰੱਦ ਕੀਤਾ ਅਤੇ ਆਪਣੀ ਸੁਰੱਖਿਆ ਬਾਰੇ ਕਿਹਾ, ਤੁਸੀਂ ਪਹਿਲਾਂ ਹੀ ਬਹੁਤ ਸਾਰੀ ਝੂਠੀ ਜਾਣਕਾਰੀ ਦੇ ਰਹੇ ਹੋ। ਸਾਡੇ ਕੋਲ ਕੁਦਰਤੀ ਤੌਰ 'ਤੇ ਜੰਗਲ ਵਿੱਚ ਰਹਿਣ ਦਾ ਤਜਰਬਾ ਹੈ ਅਤੇ ਅਸੀਂ ਮਰ ਨਹੀਂ ਰਹੇ। ਮੈਂ ਆਪਣੀਆਂ ਧੀਆਂ ਨੂੰ ਜੰਗਲ ਵਿੱਚ ਮਰਨ ਲਈ ਨਹੀਂ ਲਿਆਈ। ਨੀਨਾ ਨੇ ਕਿਹਾ, ÷ਮੇਰੀਆਂ ਧੀਆਂ ਬਹੁਤ ਖ਼ੁਸ਼ ਸਨ, ਉਹਰ ਵਗਦੇ ਪਾਣੀ ਵਿੱਚ ਤੈਰਦੀਆਂ ਸਨ। ਉਨ੍ਹਾਂ ਦੇ ਸੌਣ ਲਈ ਬਹੁਤ ਵਧੀਆ ਜਗਾ ਸੀ। ਕਲਾ ਨਿਰਮਾਣ ਦੇ ਬਹੁਤ ਸਾਰੇ ਸਬਕ ਸਨ। ਅਸੀਂ ਮਿੱਟੀ ਤੋਂ ਚੀਜ਼ਾਂ ਬਣਾਉਂਦੇ, ਅਸੀਂ ਪੇਂਟਿੰਗ ਕਰਦੇ ਸੀ, ਚੰਗਾ ਖਾਣਾ ਖਾਂਦੇ ਸੀ, ਮੈਂ ਗੈਸ ਨਾਲ ਖਾਣਾ ਬਣਾ ਰਹੀ ਸੀ, ਬਹੁਤ ਵਧੀਆ ਅਤੇ ਸੁਆਦ। ਨੀਨਾ ਨੇ ਕਿਸੇ ਵੀ ਕਿਸਮ ਦੀ ਅਣਗਹਿਲੀ ਜਾਂ ਖਤਰੇ ਦੀ ਸੰਭਵਾਨਾ ਨੂੰ ਵੀ ਰੱਦ ਕੀਤਾ। ਉਨ੍ਹਾਂ ਕਿਹਾ, ਉਨ੍ਹਾਂ ਕੋਲ ਸਭ ਕੁਝ ਵਧੀਆ ਸੀ। ਉਹ ਖ਼ੁਸ਼ ਸਨ ਅਤੇ ਕੱਪੜੇ ਪਾਏ ਹੋਏ ਸਨ,ਚੰਗੀ ਨੀਂਦ ਸਾਉਂਦੇ ਸਨ ਉਹ ਭੁੱਕ ਨਾਲ ਨਹੀਂ ਸਨ ਮਰ ਰਹੇ। ਨੀਨਾ ਨੇ ਕਿਹਾ ਕਿ ਉਨ੍ਹਾਂ ਕੋਲ ਸੋਸ਼ਲ ਨੈੱਟਵਰਕ ਵਰਗੀਆਂ ਬਹੁਤ ਸਾਰੀਆਂ ਸਾਈਟਾਂ ਸਨ, ਜਿਨ੍ਹਾਂ ਉੱਤੇ ਉਨ੍ਹਾਂ ਦੀ ਜ਼ਿੰਦਗੀ ਬਾਰੇ ਬਹੁਤ ਸਾਰੀਆਂ ਵੀਡੀਓਜ਼ ਮੌਜੂਦ ਹਨ। ਉਨ੍ਹਾਂ ਕਿਹਾ ਕਿ ਉਹ ਤਕਰੀਬਨ 20 ਦੇਸ਼ਾਂ ਵਿੱਚ ਰਹਿ ਚੁੱਕੇ ਹਨ। ਹਰ ਦੇਸ਼ ਦਾ ਜੰਗਲ ਵੱਖਰਾ ਹੈ। ਅਸੀਂ ਕੁਦਰਤ ਨੂੰ ਪਿਆਰ ਕਰਦੇ ਹਾਂ।

**ਅਸੀਂ ਸੁਰੱਖਿਅਤ ਸੀ'-ਨੀਨਾ**

ਨੀਨਾ ਨੇ ਕਿਹਾ ਕਿ ਉਸ ਦੀਆਂ ਧੀਆਂ ਨੂੰ ਪੁਲਿਸ ਹਸਪਤਾਲ ਜਾਂਚ ਲਈ ਲੈ ਕੇ ਗਈ ਹੈ। ਉਨ੍ਹਾਂ ਕਿਹਾ, ÷ਇਹ ਪਹਿਲੀ ਵਾਰ ਹੈ ਜਦੋਂ ਮੇਰੀਆਂ ਬੱਚੀਆਂ ਹਸਪਤਾਲ ਗਈਆਂ ਹਨ। ਉਹ ਪੂਰੀ ਤਰ੍ਹਾਂ ਤੰਦਰੁਸਤ ਹਨ, ਉਨ੍ਹਾਂ ਦੇ ਕਿਤੇ ਕੋਈ ਦਰਦ ਨਹੀਂ ਹੈ ਅਤੇ ਆਪਣੀ ਹੁਣ ਤੱਕ ਦੀ ਜ਼ਿੰਦਗੀ ਵਿੱਚ ਇੱਕ ਵਾਰ ਵੀ ਬਿਮਾਰ ਨਹੀਂ ਹੋਈਆਂ। ਨੀਨਾ ਨੇ ਦਾਅਵਾ ਕੀਤਾ ਕਿ ਜਿਸ ਗੁਫ਼ਾ ਵਿੱਚ ਉਹ ਰਹਿ ਰਹੇ ਸਨ ਉਹ ਸੁਰੱਖਿਅਤ ਅਤੇ ਪਿੰਡ ਦੇ ਨੇੜੇ ਸੀ। ਇੱਕ ਵੱਡੀ ਗੁਫ਼ਾ ਜਿੱਥੇ ਰਹਿਣ ਬਹੁਤ ਖ਼ੂਬਸੂਰਤ ਅਤੇ ਸੌਖਾ ਸੀ। ਨਾਲ ਹੀ ਪਿੰਡ ਦੇ ਬਾਜ਼ਾਰ ਦੇ ਨੇੜੇ ਤਾਂ ਜੋ ਕੁਝ ਵੀ ਖ਼ਰੀਦਣ ਆਸਾਨੀ ਨਾਲ ਜਾਇਆ ਜਾ ਸਕੇ। ਨੀਨਾ ਨੇ ਅਧਿਆਤਮਿਕ ਕਾਰਨਾਂ ਨੂੰ ਵੀ ਨਕਾਰਿਆ ਅਤੇ ਕਿਹਾ ਕੇ ਇਹ ਧਾਰਮਿਕ ਨਹੀਂ ਬਲਕਿ ਕੁਦਰਤ ਦੇ ਨੇੜੇ ਰਹਿਣਾ ਸੀ।

# ਡਾ. ਜਮੀਲ ਜਾਲਿਬੀ ਦੀਆਂ ਵਿਗਿਆਨਕ ਅਤੇ ਸਾਹਿਤਕ ਪ੍ਰਾਪਤੀਆਂ ਦੀ ਇੱਕ ਦਿਲਚਸਪ ਸਮੀਖਿਆ







ਲਿਖਤ: ਜ਼ਫਰ ਇਕਬਾਲ ਜ਼ਫਰ

ਵਿਗਿਆਨਕ ਅਤੇ ਸਾਹਿਤਕ ਰਚਨਾਵਾਂ ਦੀ ਦੁਨੀਆ ਦਾ ਦੀਵਾ ਜਗਾਉਣ ਵਾਲੇ ਡਾ. ਜਮੀਲ ਜਾਲਿਬੀ ਦੀਆਂ ਰਚਨਾਵਾਂ, ÷ਉਰਦੂ ਸਾਹਿਤ ਦਾ ਇਤਿਹਾਸ÷, ÷ਰਾਸ਼ਟਰੀ ਅੰਗਰੇਜ਼ੀ ਉਰਦੂ ਡਿਕਸ਼ਨਰੀ÷, ਉਨ੍ਹਾਂ ਦੇ ਭਾਸ਼ਾਈ ਹੁਨਰ, ਖੋਜ, ਆਲੋਚਨਾ, ਅਨੁਵਾਦ, ਅਤੇ ਅਧਿਆਪਨ ਅਤੇ ਸੰਪਾਦਕੀ ਸੇਵਾਵਾਂ ਨੂੰ ਉਜਾਗਰ ਕਰਦੀਆਂ ਹਨ।

ਉਨ੍ਹਾਂ ਦੀਆਂ ਵਿਗਿਆਨਕ ਅਤੇ ਸਾਹਿਤਕ ਪ੍ਰਾਪਤੀਆਂ ਦੇ ਸਨਮਾਨ ਵਿੱਚ, ਉਨ੍ਹਾਂ ਨੂੰ ਕਈ ਰਾਸ਼ਟਰੀ ਪੁਰਸਕਾਰਾਂ ਨਾਲ ਵੀ ਸਨਮਾਨਿਤ ਕੀਤਾ ਗਿਆ। ਇਹ ਸਰੋਤ ਉਨ੍ਹਾਂ ਦੇ ਨਿੱਜੀ ਪੱਤਰਾਂ ਅਤੇ ਗੱਲਬਾਤਾਂ ਰਾਹੀਂ ਉਨ੍ਹਾਂ ਦੀ ਸ਼ਖਸੀਅਤ ਅਤੇ ਅਕਾਦਮਿਕ ਸਥਿਤੀ 'ਤੇ ਵੀ ਰੌਸ਼ਨੀ ਪਾਉਂਦੇ ਹਨ, ਜੋ ਉਨ੍ਹਾਂ ਦੀ ਸਾਹਿਤਕ ਸੂਝ ਅਤੇ ਉਰਦੂ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਲਈ ਉਨ੍ਹਾਂ ਦੇ ਅਸਾਧਾਰਨ ਯਤਨਾਂ ਦਾ ਇੱਕ ਮਹੱਤਵਪੂਰਨ ਸਬੂਤ ਹਨ। ਡਾ. ਜਮੀਲ ਜਾਲਿਬੀ ਇੱਕ ਸਰਬਪੱਖੀ ਅਤੇ ਬਹੁਪੱਖੀ ਸ਼ਖਸੀਅਤ ਵਾਲੇ ਲੇਖਕ, ਖੋਜਕਰਤਾ, ਆਲੋਚਕ ਅਤੇ ਭਾਸ਼ਾ ਵਿਗਿਆਨੀ ਸਨ। ਉਨ੍ਹਾਂ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਵਿਸ਼ਿਆਂ ਦੀ ਪ੍ਰਕਿਰਤੀ ਬਹੁਤ ਵਿਸ਼ਾਲ ਅਤੇ ਵਿਭਿੰਨ ਹੈ, ਜੋ ਉਰਦੂ ਸਾਹਿਤ ਨੂੰ ਨਵੇਂ ਕੋਣ ਅਤੇ ਨਵੇਂ ਦਿਸਹੱਦੇ ਪ੍ਰਦਾਨ ਕਰਦੀ ਹੈ। ਉਨ੍ਹਾਂ ਦੀਆਂ ਲਿਖਤਾਂ ਨਾ ਸਿਰਫ਼ ਸਾਹਿਤਕ ਵਿੱਚ ਸਗੋਂ ਅਕਾਦਮਿਕ ਗੁਣਵੱਤਾ ਵਿੱਚ ਵੀ ਵਿਲੱਖਣ ਮਹੱਤਵ ਰੱਖਦੀਆਂ ਹਨ।

ਡਾ. ਜਮੀਲ ਜਾਲਿਬੀ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਵਿਸ਼ਿਆਂ ਦੀ ਪ੍ਰਕਿਰਤੀ ਨੂੰ ਤੁਹਾਡੇ ਅਧਿਐਨ ਨੂੰ ਹੋਰ ਦਿਲਚਸਪ ਬਣਾਉਣ ਲਈ ਹੇਠ ਲਿਖੇ ਮਹੱਤਵਪੂਰਨ ਨੁਕਤਿਆਂ ਵਿੱਚ ਪੇਸ਼ ਕੀਤਾ ਗਿਆ ਹੈ। ਉਹ ਸ਼ਬਦਾਵਲੀ ਵਿੱਚ ਖਾਸ ਤੌਰ 'ਤੇ ਦਿਲਚਸਪੀ ਰੱਖਦੇ ਸਨ। ਉਨ੍ਹਾਂ ਦੀਆਂ ਸਭ ਤੋਂ ਮਹੱਤਵਪੂਰਨ ਰਚਨਾਵਾਂ ਵਿੱਚੋਂ ਇੱਕ ਰਾਸ਼ਟਰੀ ਅੰਗਰੇਜ਼ੀ ਉਰਦੂ ਡਿਕਸ਼ਨਰੀ ਹੈ, ਜਿਸਨੂੰ ਉਨ੍ਹਾਂ ਨੇ ਪਾਕਿਸਤਾਨ ਵਿੱਚ ਉਰਦੂ ਭਾਸ਼ਾ ਦੇ ਪ੍ਰਚਾਰ ਲਈ ਇੱਕ ਬੁਨਿਆਦੀ ਅਤੇ ਵਿਦਵਤਾਪੂਰਨ ਦਸਤਾਵੇਜ਼ ਬਣਾਇਆ। ਇਹ ਸ਼ਬਦਕੋਸ਼ ਉਰਦੂ ਭਾਸ਼ਾ ਦੀ ਸ਼ਬਦਾਵਲੀ, ਇਸਦੇ ਵਿਕਾਸ ਅਤੇ ਸਥਿਰਤਾ ਵਿੱਚ ਇੱਕ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਇਸ ਵਿੱਚ ਵਿਗਿਆਨਕ ਅਤੇ ਤਕਨੀਕੀ, ਸਾਹਿਤਕ ਅਤੇ ਭਾਸ਼ਾਈ, ਸਮਾਜਿਕ ਵਿਗਿਆਨ, ਕਾਨੂੰਨ ਅਤੇ ਦਵਾਈ, ਅਤੇ ਵਪਾਰਕ ਅਤੇ ਆਰਥਿਕ ਸ਼ਬਦ ਸ਼ਾਮਲ ਹਨ।

ਉਨ੍ਹਾਂ ਦੀਆਂ ਹੋਰ ਸ਼ਬਦਾਵਲੀ ਰਚਨਾਵਾਂ ਵਿੱਚ ਪ੍ਰਾਚੀਨ ਉਰਦੂ ਦੀ ਸ਼ਬਦਾਵਲੀ, ਅਤੇ ਓਸਮਾਨੀਆ ਯੂਨੀਵਰਸਿਟੀ ਦੀ ਸ਼ਬਦਾਵਲੀ ਦੀ ਸ਼ਬਦਾਵਲੀ ਸ਼ਾਮਲ ਹੈ। ਉਨ੍ਹਾਂ ਦਾ ਸ਼ਬਦਾਵਲੀ ਵਿਭਾਗ ਯੁੱਗ ਦੀਆਂ ਜ਼ਰੂਰਤਾਂ ਅਨੁਸਾਰ ਇਸਦੀ ਸ਼ਬਦਾਵਲੀ ਨੂੰ ਵਧਾਉਣ ਦੀ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਨੇ ਅੰਗਰੇਜ਼ੀ ਸ਼ਬਦਾਂ ਦਾ ਉਰਦੂ ਵਿੱਚ ਅਨੁਵਾਦ ਕੀਤਾ ਅਤੇ ਭਾਸ਼ਾਵਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਦੀ ਕੋਸ਼ਿਸ਼ ਕੀਤੀ।

* ਸਾਹਿਤ ਅਤੇ ਖੋਜ ਦਾ ਇਤਿਹਾਸ*

ਡਾ. ਜਮੀਲ ਜਾਲਿਬੀ ਦੀ ਸਭ ਤੋਂ ਵੱਡੀ ਪ੍ਰਾਪਤੀ ਅਤੇ ਸਭ ਤੋਂ ਮਹੱਤਵਪੂਰਨ ਰਚਨਾ ਉਰਦੂ ਸਾਹਿਤ ਦਾ ਇਤਿਹਾਸ ਹੈ। ਇਹ ਇੱਕ ਵਿਆਪਕ, ਅਧਿਕਾਰਤ ਅਤੇ ਇਤਿਹਾਸਕ ਦਸਤਾਵੇਜ਼ ਹੈ ਜਿਸ ਵਿੱਚ ਚਾਰ ਖੰਡ ਸ਼ਾਮਲ ਹਨ। ਇਸ ਵਿੱਚ, ਉਰਦੂ ਸਾਹਿਤ ਦੇ ਵਿਕਾਸ ਨੂੰ ਸੱਭਿਆਚਾਰਕ ਅਤੇ ਸਮਾਜਿਕ ਕਾਰਕਾਂ ਦੀ ਰੌਸ਼ਨੀ ਵਿੱਚ ਪੇਸ਼ ਕੀਤਾ ਗਿਆ ਹੈ। ਇਹ ਇਤਿਹਾਸ ਸਿਰਫ਼ ਘਟਨਾਵਾਂ ਅਤੇ ਤੱਥਾਂ ਤੱਕ ਸੀਮਤ ਨਹੀਂ ਹੈ, ਸਗੋਂ ਇੱਕ ਬੌਧਿਕ ਦਸਤਾਵੇਜ਼ ਵੀ ਹੈ। ਉਨ੍ਹਾਂ ਦੇ ਖੋਜ ਕਾਰਜ ਨੇ ਉਰਦੂ ਸਾਹਿਤ ਦੇ ਵੱਖ-ਵੱਖ ਪਹਿਲੂਆਂ ਨੂੰ ਕਵਰ ਕੀਤਾ। ਉਨ੍ਹਾਂ ਨੇ ਉਰਦੂ ਸਾਹਿਤ ਦੇ ਇਤਿਹਾਸ ਨੂੰ ਇੱਕ ਇਤਿਹਾਸਕ, ਸਮਾਜਿਕ ਅਤੇ ਸੱਭਿਆਚਾਰਕ ਸੰਦਰਭ ਵਿੱਚ ਇੱਕ ਸਦਾ-ਜੀਵਤ ਜੀਵ ਦੇ ਰੂਪ ਵਿੱਚ ਆਪਣੀ ਉਦਾਹਰਣ ਬਣਾ ਕੇ ਪੇਸ਼ ਕੀਤਾ।

ਉਨ੍ਹਾਂ ਦੀਆਂ ਖੋਜ ਸੇਵਾਵਾਂ ਵਿੱਚ *ਪ੍ਰਾਚੀਨ ਉਰਦੂ ਸਾਹਿਤ ਦਾ ਸੰਪਾਦਨ* ਵੀ ਸ਼ਾਮਲ ਹੈ, ਜਿਵੇਂ ਕਿ ਕਦਮ ਰਾਓ ਪਦਮ ਰਾਓ, ਦੀਵਾਨ ਹਸਨ ਸ਼ੌਕੀ ਅਤੇ ਦੀਵਾਨ ਨੁਸਰਤੀ ਦੀ ਮਸਨਵੀ ਦੀ ਰਿਕਵਰੀ ਅਤੇ ਸੰਪਾਦਨ ਜਿਸ ਵਿੱਚ ਉਨ੍ਹਾਂ ਨੇ ਪ੍ਰਾਚੀਨ ਉਰਦੂ ਸਾਹਿਤ ਦੇ ਗੁੰਮ ਹੋਏ ਕੜੀਆਂ ਦੀ ਖੋਜ ਕੀਤੀ। ਉਨ੍ਹਾਂ ਦੀਆਂ ਹੋਰ ਖੋਜ ਪੁਸਤਕਾਂ ਵਿੱਚ ਉਰਦੂ ਭਾਸ਼ਾ ਦਾ ਇਤਿਹਾਸ ਅਤੇ ਉਰਦੂ ਗੱਦ ਦਾ ਵਿਕਾਸ ਸ਼ਾਮਲ ਹੈ। ਡਾ. ਜਮੀਲ ਜਾਲਿਬੀ ਆਧੁਨਿਕ ਆਲੋਚਨਾਤਮਕ ਸਿਧਾਂਤਾਂ ਦੇ ਮਾਹਰ ਸਨ। ਉਨ੍ਹਾਂ ਦੀਆਂ ਆਲੋਚਨਾਤਮਕ ਰਚਨਾਵਾਂ ਵਿੱਚ ÷ਆਲੋਚਨਾ ਅਤੇ ਅਨੁਭਵ, ਨਵੀਂ ਆਲੋਚਨਾ, ਅਤੇ ਸਮਕਾਲੀ ਸਾਹਿਤ÷ ਸ਼ਾਮਲ ਹਨ। ਉਹ ਸਾਹਿਤ ਨੂੰ ਇੱਕ ਸਮਾਜਿਕ, ਰਾਜਨੀਤਿਕ ਅਤੇ ਦਾਰਸ਼ਨਿਕ ਪ੍ਰਕਿਰਿਆ ਮੰਨਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਸਾਹਿਤ ਸਮਾਜਿਕ ਆਲੋਚਨਾ ਦਾ ਇੱਕ ਸਾਧਨ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਸਾਹਿਤ, ਸੱਭਿਆਚਾਰ ਅਤੇ ਮੁੱਦੇ ਅਤੇ ਸਾਹਿਤ ਅਤੇ ਸੱਭਿਆਚਾਰ ਵਰਗੀਆਂ ਕਿਤਾਬਾਂ ਲਿਖੀਆਂ। ਉਹ ਪੱਛਮੀ ਆਲੋਚਨਾ ਦੇ ਮਹੱਤਵ ਤੋਂ ਚੰਗੀ ਤਰ੍ਹਾਂ ਜਾਣੂ ਸਨ ਅਤੇ (ਅਰਸਤੂ ਤੋਂ ਐਲੀਅਟ ਤੱਕ) ਵਰਗੀਆਂ ਮਹੱਤਵਪੂਰਨ ਆਲੋਚਨਾਤਮਕ ਕਿਤਾਬਾਂ ਪੇਸ਼ ਕੀਤੀਆਂ।

**ਅਨੁਵਾਦ** ਉਨ੍ਹਾਂ ਨੇ ਅਨੁਵਾਦ ਵਿੱਚ ਵੀ ਮਹੱਤਵਪੂਰਨ ਕੰਮ ਕੀਤਾ। ਉਨ੍ਹਾਂ ਦੇ ਪ੍ਰਸਿੱਧ ਅਨੁਵਾਦਾਂ ਵਿੱਚ *ਐਨੀਮਲਿਸਟਨ÷ (ਜਾਰਜ ਓਰਵੈਲ ਦੇ ਨਾਵਲ ਦਾ ਅਨੁਵਾਦ), ਐਲੀਅਟ ਦੇ ਲੇਖ, ਉਪ-ਮਹਾਂਦੀਪ ਵਿੱਚ ਇਸਲਾਮੀ ਆਧੁਨਿਕਤਾ ਅਤੇ *ਉਪ-ਮਹਾਂਦੀਪ ਵਿੱਚ ਇਸਲਾਮੀ ਸੱਭਿਆਚਾਰ ਸ਼ਾਮਲ ਹਨ।

ਡਾ. ਜਾਲਿਬੀ ਨੇ ਅਨੁਵਾਦ ਵਿੱਚ ਆਪਣੀ ਤਕਨੀਕੀ ਯੋਗਤਾ ਦਾ ਪ੍ਰਦਰਸ਼ਨ ਕਰਦੇ ਹੋਏ, ਨਾ ਸਿਰਫ ਮੂਲ ਪਾਠ ਦੀ ਭਾਵਨਾ ਨੂੰ ਬਣਾਈ ਰੱਖਿਆ, ਸਗੋਂ ਇਸ ਵਿੱਚ ਆਪਣੀ ਰਚਨਾਤਮਕ ਸੁੰਦਰਤਾ ਵੀ ਸ਼ਾਮਲ ਕੀਤੀ।

*ਸੱਭਿਆਚਾਰ ਅਤੇ ਸਭਿਅਤਾ*

ਪਾਕਿਸਤਾਨੀ ਸੱਭਿਆਚਾਰ: ਰਾਸ਼ਟਰੀ ਸੱਭਿਆਚਾਰ ਦਾ ਗਠਨ'' ਉਨ੍ਹਾਂ ਦੀ ਇੱਕ ਹੋਰ ਮਾਸਟਰਪੀਸ ਹੈ, ਜੋ ਇਸਦੇ ਵਿਸ਼ੇ ਅਤੇ ਸਮੱਗਰੀ ਦੇ ਰੂਪ ਵਿੱਚ ਮਹੱਤਵਪੂਰਨ ਹੈ। ਇਸ ਕਿਤਾਬ ਵਿੱਚ, ਉਨ੍ਹਾਂ ਨੇ ਪਾਕਿਸਤਾਨੀ ਸੱਭਿਆਚਾਰ ਦੀਆਂ ਨੀਹਾਂ ਦੀ ਵਿਆਖਿਆ ਕੀਤੀ ਅਤੇ ਭਾਸ਼ਾ, ਰੀਤੀ-ਰਿਵਾਜਾਂ, ਸੱਭਿਆਚਾਰਕ ਕਾਰਕਾਂ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ। ਅਤੇ ਰਾਸ਼ਟਰੀ ਏਕਤਾ। ਸੱਭਿਆਚਾਰ ਅਤੇ ਸੱਭਿਅਤਾ ਦੇ ਵਿਸ਼ੇ ਉਸਦੇ ਮਨਪਸੰਦ ਵਿਸ਼ੇ ਸਨ।

*ਬਾਲ ਸਾਹਿਤ*: ਉਸਨੇ ਬੱਚਿਆਂ ਲਈ ਸਾਹਿਤ ਸਿਰਜਿਆ, ਜਿਸਦੀਆਂ ਉਦਾਹਰਣਾਂ ÷ਅਦਭੁਤ ਕਹਾਣੀਆਂ÷ ਅਤੇ ÷ਖੋਜੀ÷ ਹਨ।

*ਹੋਰ ਸਾਹਿਤਕ ਅਤੇ ਪ੍ਰਸ਼ਾਸਕੀ ਸੇਵਾਵਾਂ* ਉਸਨੇ ÷ਪਯਾਮ-ਏ-ਮਸ਼ਰੇਕ÷, ÷ਸਾਕੀ÷ ਅਤੇ ÷ਨਯਾ ਦੂਰ÷ ਸਮੇਤ ਕਈ ਸਾਹਿਤਕ ਰਸਾਲਿਆਂ ਦਾ ਸੰਪਾਦਨ ਵੀ ਕੀਤਾ। ਉਹ *ਕਰਾਚੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਰਾਸ਼ਟਰੀ ਭਾਸ਼ਾ ਕਮੇਟੀ ਦੇ ਚੇਅਰਮੈਨ ਅਤੇ ਉਰਦੂ ਡਿਕਸ਼ਨਰੀ ਬੋਰਡ ਦੇ ਮੁਖੀ ਵੀ ਰਹੇ। ਉਸਨੇ **ਸੁਲੇਖਨ* ਵੀ ਲਿਖਿਆ, ਉਸਦੇ ਲਗਭਗ ਦੋ ਹਜ਼ਾਰ ਪੱਤਰ ਉਸਦੇ ਨਿੱਜੀ ਸੰਗ੍ਰਹਿ ਨੂੰ ਸ਼ਿੰਗਾਰਦੇ ਹਨ। ਉਸਦੇ ਪੱਤਰਾਂ ਦਾ ਸੰਗ੍ਰਹਿ ÷ਮਕਤਿਬ ਮਸ਼ਹਿਰ ਬਨਮ ਡਾ. ਜਮੀਲ ਜਾਲੀਬੀ÷ ਦੇ ਸਿਰਲੇਖ ਹੇਠ ਵੀ ਪ੍ਰਕਾਸ਼ਿਤ ਹੋਇਆ ਹੈ। ਕੁੱਲ ਮਿਲਾ ਕੇ, ਡਾ. ਜਮੀਲ ਜਾਲੀਬੀ ਦੀਆਂ ਲਿਖਤਾਂ ਅਤੇ ਵਿਸ਼ੇ *ਖੋਜ, ਆਲੋਚਨਾ, ਭਾਸ਼ਾ ਵਿਗਿਆਨ, ਅਨੁਵਾਦ ਅਤੇ ਸੱਭਿਆਚਾਰਕ ਅਧਿਐਨ* ਸਮੇਤ ਅਕਾਦਮਿਕ ਅਤੇ ਸਾਹਿਤਕ ਖੇਤਰਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਕਵਰ ਕਰਦੇ ਹਨ। ਉਸਦੀਆਂ ਲਿਖਤਾਂ ਉਹਨਾਂ ਦੀ ਡੂੰਘਾਈ, ਅਧਿਐਨ ਦੀ ਚੌੜਾਈ ਅਤੇ ਨਿਰਪੱਖ ਖੋਜ ਸ਼ੈਲੀ ਦੁਆਰਾ ਵੱਖਰੀਆਂ ਹਨ। ਉਹ ਉਰਦੂ ਭਾਸ਼ਾ ਅਤੇ ਸਾਹਿਤ ਨੂੰ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਸਗੋਂ ਇੱਕ ਸਮਾਜਿਕ ਵਿਕਾਸ, ਸੁਧਾਰ ਅਤੇ ਬੌਧਿਕ ਸੰਘਰਸ਼ ਦੇ ਮਹੱਤਵਪੂਰਨ ਸਾਧਨ। ਡਾ. ਜਮੀਲ ਜਾਲਿਬੀ ਨੂੰ ਨਾ ਸਿਰਫ਼ ਇੱਕ ਮਹਾਨ ਖੋਜਕਰਤਾ, ਆਲੋਚਕ, ਭਾਸ਼ਾ ਵਿਗਿਆਨੀ ਅਤੇ ਇਤਿਹਾਸਕਾਰ ਵਜੋਂ ਜਾਣਿਆ ਜਾਂਦਾ ਹੈ, ਸਗੋਂ ਉਨ੍ਹਾਂ ਦੀ ਸ਼ਖਸੀਅਤ ਵਿੱਚ ਅਕਾਦਮਿਕ ਡੂੰਘਾਈ, ਨੈਤਿਕ ਉਚਾਈ ਅਤੇ ਸਾਹਿਤਕ ਸੁਆਦ ਦਾ ਵੀ ਸੁੰਦਰ ਸੁਮੇਲ ਸੀ। ਉਨ੍ਹਾਂ ਦੇ ਕੰਮ ਨੂੰ ਉਰਦੂ ਸਾਹਿਤ ਵਿੱਚ ਇੱਕ ਮੀਲ ਪੱਥਰ ਮੰਨਿਆ ਜਾਂਦਾ ਹੈ।

ਡਾ. ਜਮੀਲ ਜਾਲਿਬੀ ਦੀਆਂ ਅਕਾਦਮਿਕ ਅਤੇ ਸਾਹਿਤਕ ਸੇਵਾਵਾਂ ਦਾ ਦਾਇਰਾ ਬਹੁਤ ਵਿਸ਼ਾਲ ਅਤੇ ਵਿਆਪਕ ਸੀ, ਜਿਸ ਨੇ ਉਰਦੂ ਭਾਸ਼ਾ ਅਤੇ ਸਾਹਿਤ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ। ਉਹ ਨਾ ਸਿਰਫ਼ ਇੱਕ ਪ੍ਰਤਿਸ਼ਠਾਵਾਨ ਸਾਹਿਤਕ ਸ਼ਖਸੀਅਤ ਸਨ, ਸਗੋਂ ਆਪਣੇ ਆਪ ਵਿੱਚ ਇੱਕ ਸੰਸਥਾ ਸਨ। ਉਨ੍ਹਾਂ ਦੀਆਂ ਸੇਵਾਵਾਂ ਨੂੰ ਹੇਠ ਲਿਖੇ ਮਹੱਤਵਪੂਰਨ ਖੇਤਰਾਂ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

ਖੋਜ ਅਤੇ ਆਲੋਚਨਾ ਉਨ੍ਹਾਂ ਦੀਆਂ ਲਿਖਤਾਂ ਅਤੇ ਧਿਆਨ ਦਾ ਮੁੱਖ ਕੇਂਦਰ ਸਨ। ਉਹ ਉਰਦੂ ਦੀ ਪ੍ਰਾਚੀਨ ਅਤੇ ਆਧੁਨਿਕ ਸਾਹਿਤਕ ਪੂੰਜੀ ਤੋਂ ਬਰਾਬਰ ਜਾਣੂ ਸਨ। ਉਨ੍ਹਾਂ ਦੇ ਅਨੁਸਾਰ, ਸਾਹਿਤਕ ਸਿਰਜਣਾ ਇਸਨੂੰ ਪੇਸ਼ ਕਰਨ ਤੋਂ ਪਹਿਲਾਂ, ਆਲੋਚਕ ਨੂੰ ਆਪਣੇ ਕੰਮ 'ਤੇ ਡੂੰਘਾਈ ਨਾਲ ਨਜ਼ਰ ਮਾਰਨੀ ਚਾਹੀਦੀ ਹੈ।

ਉਨ੍ਹਾਂ ਦੀਆਂ ਆਲੋਚਨਾਤਮਕ ਕਿਤਾਬਾਂ ਵਿੱਚ ਆਲੋਚਨਾ ਅਤੇ ਅਨੁਭਵ, ਨਵੀਂ ਆਲੋਚਨਾ, ਸਾਹਿਤ ਸੱਭਿਆਚਾਰ ਅਤੇ ਮੁੱਦੇ, ਮੀਰ ਤਕੀ ਮੀਰ: ਇੱਕ ਅਧਿਐਨ, ਸਮਕਾਲੀ ਸਾਹਿਤ, ਅਤੇ ਰਾਸ਼ਟਰੀ ਭਾਸ਼ਾ ਏਕਤਾ, ਲਾਗੂਕਰਨ ਅਤੇ ਮੁੱਦੇ ਸ਼ਾਮਲ ਹਨ। ਉਨ੍ਹਾਂ ਨੇ ਪੱਛਮੀ ਆਲੋਚਨਾ ਦੀ ਵਰਤੋਂ ਕੀਤੀ ਅਤੇ ਟੀ.ਐਸ. ਇਲੀਅਟ ਦੇ ਲੇਖਾਂ ਦਾ ਅਨੁਵਾਦ ਕੀਤਾ। ਉਨ੍ਹਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਤਾਰੀਖ਼ ਅਦਬ ਉਰਦੂ ਹੈ, ਜਿਸ ਵਿੱਚ ਚਾਰ ਮੋਟੇ ਖੰਡ ਹਨ ਅਤੇ ਇਸਨੂੰ ਉਰਦੂ ਸਾਹਿਤ ਦੇ ਇਤਿਹਾਸ 'ਤੇ ਇੱਕ ਮਿਸਾਲੀ ਅਤੇ ਬੇਮਿਸਾਲ ਕੰਮ ਮੰਨਿਆ ਜਾਂਦਾ ਹੈ।

ਇਸ ਕਿਤਾਬ ਵਿੱਚ, ਉਨ੍ਹਾਂ ਨੇ ਸੱਭਿਆਚਾਰਕ ਅਤੇ ਸਮਾਜਿਕ ਕਾਰਕਾਂ ਦੀ ਰੌਸ਼ਨੀ ਵਿੱਚ ਉਰਦੂ ਸਾਹਿਤ ਦਾ ਅਧਿਐਨ ਕੀਤਾ ਹੈ, ਜੋ ਇਸਨੂੰ ਸਿਰਫ਼ ਘਟਨਾਵਾਂ ਅਤੇ ਤੱਥਾਂ ਤੱਕ ਸੀਮਤ ਨਹੀਂ ਬਣਾਉਂਦਾ, ਸਗੋਂ ਇੱਕ ਬੌਧਿਕ ਦਸਤਾਵੇਜ਼ ਵੀ ਬਣਾਉਂਦਾ ਹੈ। ਇਸ ਰਚਨਾ ਨੇ ਆਪਣੇ ਪ੍ਰਕਾਸ਼ਨ ਤੋਂ ਬਾਅਦ ਇੱਕ ਬਰਾਬਰ ਪ੍ਰਸਿੱਧ ਅਤੇ ਭਰੋਸੇਯੋਗ ਦਰਜਾ ਪ੍ਰਾਪਤ ਕੀਤਾ ਹੈ। ਉਹ ਸਾਹਿਤਕ ਇਤਿਹਾਸ ਲੇਖਨ ਦੇ ਅਜਿਹੇ ਬੁਨਿਆਦੀ ਸਿਧਾਂਤਾਂ ਦੇ ਵਿਸ਼ਵਾਸੀ ਸਨ ਕਿ ਉਨ੍ਹਾਂ ਨੇ ਖੋਜ ਦੇ ਸਿਧਾਂਤਾਂ 'ਤੇ ਪੰਜ ਸਦੀਆਂ ਦੇ ਸਾਹਿਤਕ ਸੰਗ੍ਰਹਿ ਨੂੰ ਸੰਕਲਿਤ ਕੀਤਾ।

* ਉਨ੍ਹਾਂ ਨੂੰ ਕੋਸ਼ਕਾਰੀ ਵਿੱਚ ਵਿਸ਼ੇਸ਼ ਦਿਲਚਸਪੀ ਸੀ। ਉਨ੍ਹਾਂ ਦੀਆਂ ਸ਼ਬਦਾਵਲੀ ਰਚਨਾਵਾਂ ਵਿੱਚ ਪੁਰਾਣੀ ਉਰਦੂ ਡਿਕਸ਼ਨਰੀ, ਓਸਮਾਨੀਆ ਯੂਨੀਵਰਸਿਟੀ ਦੀ ਸ਼ਬਦਾਵਲੀ ਦੀ ਡਿਕਸ਼ਨਰੀ, ਅਤੇ ਦੋ-ਖੰਡਾਂ ਵਾਲੀ *ਰਾਸ਼ਟਰੀ ਅੰਗਰੇਜ਼ੀ ਉਰਦੂ ਡਿਕਸ਼ਨਰੀ, ਜਿਸਨੂੰ ਇੱਕ ਮਹਾਨ ਵਿਗਿਆਨਕ ਅਤੇ ਭਾਸ਼ਾਈ ਖਜ਼ਾਨਾ ਮੰਨਿਆ ਜਾਂਦਾ ਸੀ। ਰਾਸ਼ਟਰੀ ਅੰਗਰੇਜ਼ੀ ਉਰਦੂ ਡਿਕਸ਼ਨਰੀ ਨੂੰ ਇੱਕ ਮਾਸਟਰਪੀਸ ਮੰਨਿਆ ਜਾਂਦਾ ਹੈ ਜੋ ਭਾਸ਼ਾ ਦੇ ਵਿਗਿਆਨਕ ਅਤੇ ਬੌਧਿਕ ਪਹਿਲੂਆਂ ਨੂੰ ਸੰਗਠਿਤ ਕਰਦਾ ਹੈ। ਇਸ ਡਿਕਸ਼ਨਰੀ ਵਿੱਚ ਖੇਤਰੀ, ਸਥਾਨਕ ਅਤੇ ਬੋਲਚਾਲ ਦੇ ਸ਼ਬਦਾਂ ਨੂੰ ਵੀ ਸ਼ਾਮਲ ਕੀਤਾ ਗਿਆ ਸੀ ਤਾਂ ਜੋ ਭਾਸ਼ਾ ਦੀ ਮੌਲਿਕਤਾ ਬਣਾਈ ਰੱਖੀ ਜਾ ਸਕੇ।

* ਅਨੁਵਾਦ ਵਿੱਚ, ਉਨ੍ਹਾਂ ਨੇ ਕਈ ਮਹੱਤਵਪੂਰਨ ਕਿਤਾਬਾਂ ਦਾ ਅਨੁਵਾਦ ਕੀਤਾ। ਉਨ੍ਹਾਂ ਦੇ ਮਸ਼ਹੂਰ ਅਨੁਵਾਦਾਂ ਵਿੱਚ ਜਾਰਜ ਓਰਵੈਲ ਦਾ ਨਾਵਲ ਐਨੀਮਲ ਫਾਰਮ (ਉਰਦੂ ਵਿੱਚ ÷ਜਨਵਰਿਸਤਾਨ÷), ਟੀ. ਐਸ. ਐਲੀਅਟ ਦੁਆਰਾ ਆਲੋਚਨਾਤਮਕ ਲੇਖਾਂ ਵਾਲੀ ਕਿਤਾਬ, ਅਤੇ ਬਾਅਦ ਵਿੱਚ ਐਲੀਅਟ ਦੇ ਲੇਖ ਸ਼ਾਮਲ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ਅਨੁਵਾਦ ਕਾਰਜ ਦੀਆਂ ਮਾਸਟਰਪੀਸ ਮੰਨਿਆ ਜਾਂਦਾ ਹੈ। ਉਨ੍ਹਾਂ ਨੇ ਵਿਸ਼ੇਸ਼ ਅੰਗਰੇਜ਼ੀ ਲਿਖਤਾਂ ਨੂੰ ਉਰਦੂ ਟੈਂਪਲੇਟ ਵਿੱਚ ਇਸ ਤਰੀਕੇ ਨਾਲ ਢਾਲਿਆ ਕਿ ਉਹ ਮੂਲ ਦੇ ਅਨੁਸਾਰ ਜਾਪਦੇ ਸਨ। ਉਨ੍ਹਾਂ ਦੇ ਅਨੁਵਾਦ ਰਚਨਾਤਮਕ ਸਨ, ਜਿਸ ਨੇ ਮੂਲ ਅਰਥ ਅਤੇ ਅਰਥ ਨੂੰ ਕਾਇਮ ਰੱਖਦੇ ਹੋਏ ਟੈਕਸਟ ਨੂੰ ਨਵੀਂ ਸੁੰਦਰਤਾ ਅਤੇ ਸੁਹਜ ਦਿੱਤਾ।

ਸਤਿਕਾਰਯੋਗ ਪਾਠਕੋ, ਸਾਹਿਤ ਦੇ ਵਿਦਿਆਰਥੀ ਹੋਣ ਦੇ ਨਾਤੇ, ਨਕੋਸ਼ ਜਾਲਿਬੀ ਦਾ ਅਧਿਐਨ ਕਰਨ ਤੋਂ ਬਾਅਦ, ਮੈਂ ਡਾ. ਜਮੀਲ ਜਾਲਿਬੀ ਸਾਹਿਬ ਦੀ ਵਿਦਵਤਾਪੂਰਨ ਅਤੇ ਸਾਹਿਤਕ ਭਾਵਨਾ ਨੂੰ ਉਸੇ ਤਰ੍ਹਾਂ ਮਿਲਿਆ ਹਾਂ ਜਿਵੇਂ ਦੋ ਜੀਵਤ ਲੋਕ ਮਿਲਦੇ ਹਨ। ਆਪਣੀ ਕਲਮ ਰਾਹੀਂ, ਜਮੀਲ ਜਾਲਿਬੀ ਸਾਹਿਬ ਨੇ ਸਮਾਜ ਦੇ ਮਨਾਂ ਤੋਂ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਆਪਣੀਆਂ ਕਿਤਾਬਾਂ ਦੇ ਦੀਵੇ ਜਗਾਏ ਹਨ, ਜਿਸਦੀ ਰੌਸ਼ਨੀ ਕਦੇ ਵੀ ਮੱਧਮ ਨਹੀਂ ਹੋ ਸਕਦੀ। ਇਸੇ ਲਈ ਉਨ੍ਹਾਂ ਦੀਆਂ ਰਚਨਾਵਾਂ ਤੋਂ ਪ੍ਰਕਾਸ਼ਮਾਨ ਹੋਏ ਸਾਰੇ ਮਨ ਇਸ ਰੌਸ਼ਨੀ ਨੂੰ ਦੂਜੇ ਮਨਾਂ ਵਿੱਚ ਤਬਦੀਲ ਕਰਨ ਲਈ ਉਤਸੁਕ ਹਨ। ਜਿਸ ਸਮਾਜ ਵਿੱਚ ਗਿਆਨ ਅਤੇ ਸਾਹਿਤ ਦੀ ਮਿਠਾਸ ਜ਼ੁਬਾਨ 'ਤੇ ਹੋਵੇ, ਉੱਥੇ ਨਫ਼ਰਤ ਭਰੇ ਵਾਕਾਂ ਦੀ ਕੁੜੱਤਣ ਮਰ ਜਾਂਦੀ ਹੈ। ਜਮੀਲ ਜਾਲਿਬੀ ਸਾਹਿਬ ਨੇ ਸਾਹਿਤ ਦਾ ਉਹ ਮਲਮ ਬਣਾਇਆ ਹੈ ਜਿਸ ਵਿੱਚ ਧਰਤੀ ਦੇ ਹਰ ਜ਼ਖ਼ਮ ਨੂੰ ਭਰਨ ਦੀ ਸ਼ਕਤੀ ਹੈ। ਬ੍ਰਹਿਮੰਡ ਦਾ ਮਾਲਕ ਜਮੀਲ ਜਾਲਿਬੀ ਸਾਹਿਬ ਦੀ ਆਤਮਾ ਦੇ ਦਰਜੇ ਨੂੰ ਹੋਰ ਉੱਚਾ ਕਰੇ ਅਤੇ ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਰਾਹੀਂ ਸਮਾਜ ਦੇ ਧਰਤੀ ਅਤੇ ਸਵਰਗੀ ਸੰਸਾਰਾਂ ਦੇ ਗਿਆਨ ਨੂੰ ਵਿਹਾਰਕ ਰੂਪ ਦੇਵੇ। ਆਮੀਨ, ਆਮੀਨ।

# ਜਦੋਂ 10 ਸਾਲ ਬਾਅਦ ਕਤਲ ਕੇਸ ਹੱਲ ਹੋ ਗਿਆ

ਜਦੋਂ ਵੀ ਕੋਈ ਮੁਜ਼ਰਿਮ ਜ਼ੁਰਮ ਕਰਦਾ ਹੈ ਤਾਂ ਉਸ ਨੂੰ ਇਹ ਵਹਿਮ ਹੁੰਦਾ ਹੈ ਕਿ ਪੁਲਿਸ ਉਸ ਨੂੰ ਪਕੜ ਨਹੀਂ ਸਕੇਗੀ।ਛੋਟੇ ਮੋਟੇ ਕੇਸ ਤਾਂ ਭਾਵੇਂ ਪੁਲਿਸ ਦੀ ਨਜ਼ਰ ਤੋਂ ਬਚ ਜਾਣ, ਪਰ ਕਤਲ ਵਰਗਾ ਗੁਨਾਹੇ ਅਜ਼ੀਮ ਟਰੇਸ ਹੋ ਹੀ ਜਾਂਦਾ ਹੈ।ਪਿਛਲੇ ਕੁਝ ਹਫਤਿਆਂ ਅਜਿਹੇ ਹੀ ਦੋ ਕਤਲ ਕਾਂਡ ਹੋਏ ਹਨ।ਇੱਕ ਵਿੱਚ ਸੋਨਮ ਨਾਮਕ ਔਰਤ ਨੇ ਹਨੀਮੂਨ ਦੌਰਾਨ ਮੇਘਾਲਿਆ ਵਿਖੇ ਆਪਣੇ ਪਤੀ ਰਾਜਾ ਰਘੂਵੰਸ਼ੀ ਦਾ ਆਪਣੇ ਪ੍ਰੇਮੀ ਹੱਥੋਂ ਕਤਲ ਕਰਵਾ ਦਿੱਤਾ ਸੀ ਤੇ ਦੂਸਰੇ ਕੇਸ ਵਿੱਚ ਹਰਿਆਣਾ ਦੀ ਮਾਡਲ ਸ਼ਤਿਲ ਨੂੰ ਉਸ ਦੇ ਪ੍ਰੇਮੀ ਸੁਨੀਲ ਨੇਕਤਲ ਕਰ ਦਿੱਤਾ ਸੀ। ਫਿਰ ਉਸ ਨੇ ਸ਼ੀਤਲ ਦੀ ਲਾਸ਼ ਇੱਕ ਨਹਿਰ ਵਿੱਚ ਰੋੜ੍ਹ ਦਿੱਤੀ ਤੇ ਕਾਰ ਵੀ ਨਹਿਰ ਵਿੱਚ ਸੁੱਟ ਦਿੱਤੀ ਤਾਂ ਜੋ ਪੁਲਿਸ ਨੂੰ ਯਕੀਨ ਦਵਾਇਆ ਜਾ ਸਕੇ ਕਿ ਐਕਸੀਡੈਂਟ ਹੋਇਆ ਹੈ। ਇਨ੍ਹਾਂ ਦੋਵਾਂ ਕੇਸਾਂ ਵਿੱਚ ਮੁਜ਼ਰਿਮਾਂ ਨੇ ਕਈ ਹਫਤਿਆਂ ਦੀ ਸੋਚ ਵਿਚਾਰ ਤੋਂ ਬਾਅਦ ਕਤਲ ਕੀਤੇ ਸਨ ਪਰ ਸਾਰੀ ਚਲਾਕੀ ਧਰੀ ਦੀ ਧਰੀ ਰਹਿ ਗਈ।

ਮੇਰੀ ਨੌਕਰੀ ਦੌਰਾਨ ਵੀ ਅਜਿਹੇ ਦੋ ਕੇਸ ਟਰੇਸ ਹੋਏ ਸਨ। 1994 - 95 ਵਿੱਚ ਮੈਂ ਰੋਪੜ ਜਿਲ੍ਹੇ ਦੇ ਕਿਸੇ ਥਾਣੇ ਵਿਖੇ ਐਸ.ਐਚ.ਉ. ਲੱਗਾ ਹੋਇਆ ਸੀ ਕਿ ਇੱਕ ਪਿੰਡ ਦੇ ਚੰਗੇ ਖਾਂਦੇ ਪੀਂਦੇ ਪਰਿਵਾਰ ਦੇ ਨੌਜਵਾਨ ਲੜਕੇ ਦਾ ਕਤਲ ਹੋ ਗਿਆ ਤੇ ਲਾਸ਼ ਕਈ ਦਿਨਾਂ ਬਾਅਦ ਨਹਿਰ ਵਿੱਚੋਂ ਮਿਲੀ ਸੀ। ਉਸ ਕੇਸ ਵਿੱਚ ਅਸੀਂ ਵਾਹ ਜਹਾਨ ਦੀ ਲਾ ਲਈ ਪਰ ਕਾਤਲ ਨਾ ਲੱਭੇ। ਅਸਲ ਵਿੱਚ ਕਤਲ ਦਾ ਕੋਈ ਕਾਰਨ ਹੀ ਨਹੀਂ ਸੀ ਕਿਉਂਕਿ ਉਹ ਪਰਿਵਾਰ ਆਪਣੇ ਕੰਮ ਨਾਲ ਕੰਮ ਰੱਖਣ ਵਾਲਾ ਸੀ। ਉਨ੍ਹਾਂ ਦੀ ਕਿਸੇ ਨਾਲ ਕੋਈ ਦੁਸ਼ਮਣੀ ਵੀ ਨਹੀਂ ਸੀ ਤੇ ਨਾ ਹੀ ਉਨ੍ਹਾਂ ਨੇ ਕਿਸੇ 'ਤੇ ਸ਼ੱਕ ਜਾਹਰ ਕੀਤਾ। ਆਖਰ ਦੋ ਤਿੰਨ ਮਹੀਨੇ ਟੱਕਰਾਂ ਮਾਰਨ ਤੋਂ ਬਾਅਦ ਕੇਸ ਠੰਡੇ ਬਸਤੇ ਵਿੱਚ ਪਾ ਦਿੱਤਾ ਗਿਆ। ਕਤਲ ਤੋਂ ਪੰਜ ਕੁ ਮਹੀਨੇ ਬਾਅਦ ਸਿਆਲ ਦੀ ਇੱਕ ਸ਼ਾਮ ਦੋ ਬੰਦੇ ਮੋਰਿੰਡੇ ਅੱਡੇ ਵਿੱਚ ਠੇਕੇ ਤੋਂ ਸ਼ਰਾਬ ਲੈਣ ਲਈ ਆਏ। ਉਸ ਸਮੇਂ ਦੇਸੀ ਸ਼ਰਾਬ ਦੀ ਬੋਤਲ ਤੀਹ ਚਾਲੀ ਰੁਪਏ ਦੀ ਹੁੰਦੀ ਸੀ ਤੇ ਉਨ੍ਹਾਂ ਕੋਲ ਦਸ ਰੁਪਏ ਘੱਟ ਸੀ। ਠੇਕੇ ਦੇ ਕਰਿੰਦੇ ਨੇ ਬੋਤਲ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਵਿੱਚੋਂ ਇੱਕ ਬੋਲਿਆ, "ਦੇਣੀ ਬੋਤਲ ਕਿ ਫਲਾਣੇ ਪਿੰਡ ਵਾਲੇ ਰਾਮ ਸਿੰਘ (ਕਾਲਪਨਿਕ ਨਾਮ) ਦੇ ਮੁੰਡੇ ਵਾਲਾ ਹਾਲ ਕਰੀਏ ?"ਇਲਾਕੇ ਦੇ ਮਸ਼ਹੂਰ ਕਤਲ ਬਾਰੇ ਸੁਣ ਕੇ ਕਰਿੰਦੇ ਦੇ ਕੰਨ ਖੜੇ ਹੋ ਗਏ। ਉਸ ਨੇ ਬੋਤਲ ਦੇ ਕੇ ਖਹਿੜਾ ਛੁਡਾਇਆ ਤੇ ਉਨ੍ਹਾਂ ਦੇ ਜਾਂਦੇ ਸਾਰ ਥਾਣੇ ਵੱਲ ਸ਼ੂਟ ਵੱਟ ਦਿੱਤੀ।

ਖਬਰ ਸੁਣ ਕੇ ਪੁਲਿਸ ਨੇ ਦੋਵਾਂ ਨੂੰ ਅਹਾਤੇ ਵਿੱਚੋਂ ਗ੍ਰਿਫਤਾਰ ਕਰ ਲਿਆ ਤੇ ਕੇਸ ਹੱਲ ਹੋ ਗਿਆ। ਤਫਤੀਸ਼ ਤੋਂ ਇਹ ਗੱਲ ਸਾਹਮਣੇ ਆਈ ਕਿ ਕਤਲ ਹੋਣ ਵਾਲੇ ਲੜਕੇ ਦਾ ਪਰਿਵਾਰ ਬਹੁਤ ਹੀ ਲਾਲਚੀ ਕਿਸਮ ਦਾ ਸੀ ਤੇ ਲੜਕਾ ਦਹੇਜ਼ ਘੱਟ ਲਿਆਉਣ ਕਾਰਨ ਆਪਣੀ ਨਵ ਵਿਆਹੀ ਪਤਨੀ ਨਾਲ ਕੁੱਟ ਮਾਰਕਰਦਾ ਰਹਿੰਦਾ ਸੀ। ਪਰਿਵਾਰ ਵੱਲੋਂ ਰੋਜ਼ਾਨਾ ਦੀ ਕੀਤੀ ਜਾਂਦੀ ਲਾਹ ਪਾਹ ਕਾਰਨ ਲੜਕੀ ਦਾ ਝੁਕਾਉ ਘਰ ਵਿੱਚ ਕਈ ਸਾਲਾਂ ਤੋਂ ਕੰਮ ਕਰ ਰਹੇ ਨੌਕਰ ਵੱਲ ਹੋ ਗਿਆ ਜੋ ਪਿਆਰ ਵਿੱਚ ਬਦਲ ਗਿਆ। ਇੱਕ ਦਿਨ ਪਤੀ ਨੇ ਜਦੋਂ ਉਸ ਨੂੰ ਕੁਝ ਜਿਆਦਾ ਹੀ ਕੁੱਟਿਆ ਤਾਂ ਦੁਖੀ ਹੋਈ ਲੜਕੀ ਨੇ ਆਪਣੇ ਪ੍ਰੇਮੀ ਨੂੰ ਉਸ ਦਾ ਫਸਤਾ ਵੱਢਣ ਲਈ ਕਹਿ ਦਿੱਤਾ। ਉਨ੍ਹਾਂ ਦੀ ਜ਼ਮੀਨ ਭਾਖੜਾ ਨਹਿਰ ਦੇ ਨਾਲ ਲੱਗਦੀ ਸੀ। ਪ੍ਰੇਮੀ ਨੇ ਇੱਕ ਦਿਨ ਆਪਣੇ ਕਰੀਬੀ ਦੋਸਤ ਨਾਲ ਮਿਲ ਕੇ ਸ਼ਾਮ ਦੇ ਘੁਸਮੁਸੇ ਵਿੱਚ ਪਤੀ ਦੀ ਗਲ ਘੁੱਟ ਕੇ ਹੱਤਿਆ ਕਰ ਦਿੱਤੀ ਤੇ ਲਾਸ਼ ਨਹਿਰ ਵਿੱਚ ਸੁੱਟ ਦਿੱਤੀ। ਕਿਸੇ ਨੂੰ ਕੰਨੋ ਕੰਨ ਖਬਰ ਨਾ ਹੋਈ ਤੇ ਨਾ ਹੀ ਪ੍ਰੇਮੀ 'ਤੇ ਕਿਸੇ ਨੂੰ ਸ਼ੱਕ ਹੋਇਆ। ਜੇ ਉਹ ਠੇਕੇ 'ਤੇ ਫੜ੍ਹ ਨਾ ਮਾਰਦੇ ਤਾਂ ਸ਼ਾਇਦ ਕਤਲ ਦਾ ਪਤਾ ਵੀ ਨਹੀਂ ਸੀ ਲੱਗਣਾ।

ਨਿਊਜਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

ਇਸ ਕਤਲ ਤੋਂ ਕਈ ਸਾਲ ਬਾਅਦ ਮੈਂ ਇੱਕ ਸਬ ਡਵੀਜ਼ਨ ਵਿਖੇ ਡੀ.ਐਸ.ਪੀ. ਲੱਗਾ ਹੋਇਆ ਸੀ।ਇੱਕ ਦਿਨ ਮੈਂ ਆਪਣੇ ਦਫਤਰ ਬੈਠਾ ਹੋਇਆ ਸੀ ਕਿ ਹਰੀਪੁਰ ਪਿੰਡ (ਕਾਲਪਨਿਕ ਨਾਮ) ਦਾ ਸਰਪੰਚ ਇੱਕ ਬੰਦੇ ਨੂੰ ਲੈ ਕੇ ਦਫਤਰ ਆ ਗਿਆ। ਉਸ ਬੰਦੇ ਦੇ ਹਵਾਸ ਉੱਡੇ ਹੋਏ ਸਨ ਤੇਉਹ ਅਰਦਲੀ ਵੱਲੋਂ ਲਿਆਂਦਾ ਪਾਣੀ ਦਾ ਗਲਾਸ ਗਟਾਗੱਟ ਪੀ ਗਿਆ। ਮੈਂ ਸਰਪੰਚ ਨੂੰ ਐਵੇਂ ਮਖੌਲ ਕੀਤਾ ਕਿ ਇਹ ਵਿਅਕਤੀ ਐਨਾ ਘਬਰਾਇਆ ਹੋਇਆ ਕਿਉਂ ਹੈ ? ਕੋਈ ਕਤਲ ਕੁਤਲ ਤਾਂ ਨਹੀਂ ਹੋ ਗਿਆ ? ਸਰਪੰਚ ਨੇ ਦੱਸਿਆ ਕਿ ਇਹ ਆਪਣਾ ਪੁਰਾਣਾ ਘਰ ਢਾਹ ਕੇ ਨਵਾਂ ਬਣਾਉਣ ਲਈ ਨੀਹਾਂ ਪੁੱਟ ਰਿਹਾ ਸੀ ਕਿ ਵਿਹੜੇ ਵਿੱਚੋਂਇਨਸਾਨੀ ਪਿੰਜਰ ਨਿਕਲਿਆ ਹੈ।ਅਸੀਂ ਫੌਰਨ ਮੌਕੇ 'ਤੇ ਪਹੁੰਚ ਗਏ ਤੇ ਵੇਖਿਆ ਕਿ ਇੱਕ ਪਿੰਜਰ ਪਿਆ ਸੀ ਜਿਸ ਦੇ ਹੱਥ ਪਲਾਸਟਿਕ ਦੀਆਂ ਰੱਸੀਆਂ ਨਾਲ ਪਿੱਛੇ ਬੰਨ੍ਹੇ ਹੋਏ ਸਨ ਜੋ ਅਜੇ ਵੀ ਪੂਰੀ ਤਰਾਂ ਨਾਲ ਗਲੀਆਂ ਨਹੀਂ ਸਨ। ਅਸਲ ਵਿੱਚ ਉਹ ਪਿੰਜਰ ਇਸ ਕਾਰਨ ਖਿਲਰਨੋ ਬਚ ਗਿਆ ਕਿਉਂਕਿ ਨੀਹਾਂ ਦੀ ਪੁਟਾਈ ਮਜ਼ਦੂਰ ਕਹੀਆਂ ਨਾਲ ਕਰ ਰਹੇ ਸਨ। ਜੇ ਅੱਜ ਵਾਂਗ ਜੇ.ਸੀ. ਬੀ. ਮਸ਼ੀਨ ਹੁੰਦੀ ਤਾਂ ਉਸ ਦਾ ਪਤਾ ਵੀ ਨਹੀਂ ਸੀ ਲੱਗਣਾ।

ਪੁੱਛ ਗਿੱਛ ਕਰਨ 'ਤੇ ਉਸ ਵਿਅਕਤੀ ਨੇ ਦੱਸਿਆ ਕਿ ਇਹ ਮਕਾਨ ਉਸ ਨੇ ਅੱਠ ਨੌਂ ਸਾਲ ਪਹਿਲਾਂ ਦੋ ਭੈਣਾਂ ਨਾਮੋ ਤੇ ਸ਼ਾਮੋ (ਕਾਲਪਨਿਕ ਨਾਮ) ਕੋਲੋਂ ਖਰੀਦਿਆ ਸੀ। ਇਸ 'ਤੇ ਸਰਪੰਚ ਮੈਨੂੰ ਇੱਕ ਪਾਸੇ ਲੈ ਗਿਆ ਤੇ ਭੇਤ ਵਾਲੀ ਗੱਲ ਦੱਸੀ ਕਿ ਇਸ ਘਰ ਵਿੱਚ ਨਾਮੋ, ਸ਼ਾਮੋ, ਉਨ੍ਹਾਂ ਦੀ ਮਾਂ ਅਤੇ 17 - 18 ਸਾਲ ਦਾ ਭਰਾ ਅੰਬਾ (ਕਾਲਪਨਿਕ ਨਾਮ) ਰਹਿੰਦੇ ਹੁੰਦੇ ਸਨ। ਉਨ੍ਹਾਂ ਦੀ 8 - 10 ਏਕੜ ਜ਼ਮੀਨ ਵੀ ਸੀ ਤੇ ਬਾਪ ਦੀ ਬਹੁਤ ਪਹਿਲਾਂ ਮੌਤ ਹੋ ਗਈ ਸੀ। ਨਾਮੋ ਤੇ ਸ਼ਾਮੋ ਵੱਡੀਆਂ ਸਨ ਤੇ ਮਾੜੇ ਕਿਰਦਾਰ ਦੀਆਂ ਸਨ। ਅੰਬਾ ਭਾਵੇਂ ਛੋਟਾ ਸੀ ਪਰ ਪਿੰਡ ਵਾਲਿਆਂ ਦੇ ਤਾਹਨੇ ਮਿਹਣਿਆਂ ਕਾਰਨ ਉਹ ਉਨ੍ਹਾਂ ਨੂੰ ਕੁਟਦਾ ਮਾਰਦਾ ਰਹਿੰਦਾ ਸੀ ਤੇ ਇੱਕ ਦਿਨ ਉਹ ਅਚਾਨਕ ਗਾਇਬ ਹੋ ਗਿਆ। ਨਾਮੋ ਤੇ ਸ਼ਾਮੋ ਨੇ ਖੇਖਣ ਜਿਹੇ ਕਰ ਕੇ ਰੋਣਾ ਧੋਣਾ ਕੀਤਾ ਤੇ ਥਾਣੇ ਰਿਪੋਰਟ ਦਰਜ਼ ਕਰ ਦਿੱਤੀ। ਪਿੰਡ ਵਾਲਿਆਂ ਨੂੰ ਉਦੋਂ ਹੀ ਸ਼ੱਕ ਸੀ ਕਿ ਅੰਬੇ ਨੂੰ ਇਨ੍ਹਾਂ ਦੋਵਾਂ ਭੈਣਾਂ ਨੇ ਹੀ ਗਾਇਬ ਕੀਤਾ ਹੈ ਪਰ ਉਨ੍ਹਾਂ ਬਦਮਾਸ਼ ਜਨਾਨੀਆਂ ਤੋਂ ਡਰਦੇ ਮਾਰੇ ਨਾ ਤਾਂ ਪਿੰਡ ਵਾਲੇ ਬੋਲੇ ਤੇ ਨਾ ਹੀ ਉਨ੍ਹਾਂ ਦੀ ਮਾਂ। ਪੁਲਿਸ ਨੇ ਗੁੰਮਸ਼ਦਗੀ ਦੀ ਰਿਪੋਰਟ ਦਰਜ਼ ਕਰ ਦਿੱਤੀ ਤੇ ਸਾਰੇ ਇਸ ਕੇਸ ਬਾਰੇ ਭੁੱਲ ਭੁਲਾ ਗਏ।

ਦੋ ਚਾਰ ਮਹੀਨਿਆਂ ਵਿੱਚ ਹੀ ਨਾਮੋ ਤੇ ਸ਼ਾਮੋ ਨੇ ਆਪਣੇ ਪ੍ਰੇਮੀਆਂ ਨਾਲ ਵਿਆਹ ਕਰਾ ਲਏ ਤੇ ਜ਼ਮੀਨ ਸਮੇਤ ਘਰ ਵੇਚ ਵੱਟ ਕੇ ਆਪਣੀ ਮਾਂ ਨੂੰ ਨਾਲ ਹੀ ਲੈ ਗਈਆਂ। ਆਪਣੇ ਪੁੱਤ ਦੇ ਵਿਯੋਗ ਵਿੱਚ ਲਾਚਾਰ ਮਾਂ ਵੀ ਸਾਲ ਕੁ ਬਾਅਦ ਹੀ ਮਰ ਗਈ ਜਾਂ ਉਨ੍ਹਾਂ ਨੇ ਮਾਰ ਦਿੱਤੀ। ਸਰਪੰਚ ਨੇ ਕਿਹਾ ਕਿ ਉਸ ਨੂੰ ਪੱਕਾ ਸ਼ੱਕ ਹੈ ਕਿ ਇਹ ਲਾਸ਼ ਅੰਬੇ ਦੀ ਹੈ ਕਿਉਂਕਿ ਜਿੱਥੇ ਨੀਹਾਂ ਪੁੱਟੀਆਂ ਜਾ ਰਹੀਆਂ ਸਨਉਥੇ ਪਹਿਲਾਂ ਕੱਚਾ ਵਿਹੜਾ ਹੁੰਦਾ ਸੀ। ਜਦੋਂ ਨਾਮੋ ਤੇ ਸ਼ਾਮੋ ਨੂੰ ਪਕੜ ਕੇ ਥਾਣੇ ਲਿਆਂਦਾ ਗਿਆ ਤਾਂ ਉਨ੍ਹਾਂ ਨੂੰ ਯਕੀਨ ਨਾ ਆਵੇ ਕਿ ਨੌਂ ਦਸ ਸਾਲ ਪਹਿਲਾਂ ਦੱਬੀ ਭਰਾ ਦੀ ਲਾਸ਼ ਨੇ ਉਨ੍ਹਾਂ ਨੂੰ ਫਸਾ ਦਿੱਤਾ ਹੈ। ਉਹ ਥੋੜ੍ਹੀ ਜਿਹੀ ਸਖਤੀ ਨਾਲ ਹੀ ਮੰਨ ਗਈਆਂ ਕਿ ਉਨ੍ਹਾਂ ਨੇ ਪਹਿਲਾਂ ਨੀਂਦ ਦੀਆਂ ਗੋਲੀਆਂ ਚਾਹ ਵਿੱਚ ਪਾ ਕੇ ਅੰਬੇ ਨੂੰ ਦਿੱਤੀਆਂ ਸਨ ਫਿਰ ਗਲ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ। ਲਾਸ਼ ਨੂੰ ਦਬਾਉਣ ਦਾ ਕੰਮ ਜ਼ਮੀਨ ਦੇ ਲਾਲਚ ਵਿੱਚ ਉਨ੍ਹਾਂ ਦੇ ਪ੍ਰੇਮੀਆਂ ਨੇ ਕੀਤਾ ਸੀ ਜੋ ਉਨ੍ਹਾਂ ਦੇ ਮੌਜੂਦਾ ਪਤੀ ਸਨ।ਪਿੰਡ ਦਾ ਕੋਈ ਬੰਦਾ ਗਵਾਹੀ ਦੇਣ ਲਈ ਤਿਆਰ ਨਾ ਹੋਇਆ ਜਿਸ ਕਾਰਨ ਮੈਂ ਡੀ.ਐਨ.ਏ. ਟੈਸਟ ਕਰਾ ਕੇ ਕੇਸ ਤਿਆਰ ਕੀਤਾ ਜਿਸ ਦੀ ਬਿਨਾ 'ਤੇ ਚਾਰਾਂ ਨੂੰ ਸ਼ੈਸ਼ਨ ਕੋਰਟ ਤੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

# ਨਸ਼ਿਆਂ ਦੀ ਦਲਦਲ



ਅੱਜ ਦੇ ਭੌਤਿਕਵਾਦੀ ਯੁੱਗ ਵਿੱਚ ਵਿਗਿਆਨ ਅਤੇ ਤਕਨੀਕ ਨੇ ਬਹੁਤ ਤੇਜ਼ੀ ਨਾਲ ਤਰੱਕੀ ਕੀਤੀ ਹੈ ਪਰੰਤੂ ਮਨੁੱਖਤਾ ਕੌੜੀ ਵੇਲ ਵਾਂਗ ਵੱਧ ਰਹੀ ਨਵੇਂਕਲੇ ਅਤੇ ਖਤਰਨਾਕ ਨਸ਼ਿਆਂ ਦੀ ਚੁਣੌਤੀ ਦਾ ਸਾਹਮਣਾ ਕਰ ਰਹੀ ਹੈ। ਵਿਗਿਆਨ ਨੇ ਆਪਣੀ ਸੂਝ ਬੂਝ ਸਦਕਾ ਕਈ ਮਨੁੱਖੀ ਸਮੱਸਿਆਵਾਂ ਦਾ ਹੱਲ ਦਿੱਤਾ ਪਰੰਤੂ ਇਸ ਦੇ ਨਾਲ ਨਾਲ ਨਸ਼ਿਆਂ ਦੀ ਲੱਤ ਵਰਗੀਆਂ ਨਵੀਆਂ ਸਮੱਸਿਆਵਾਂ ਨੂੰ ਵੀ ਜਨਮ ਦਿੱਤਾ ਹੈ।

ਦੁਨੀਆ ਭਰ ਵਿੱਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਭਿਆਨਕ ਮਾਰ ਪੈਂ ਰਹੀ ਹੈ।

ਨਸ਼ਿਆਂ ਦੀ ਲੱਤ ਨੇ ਸਮਾਜ ਨੂੰ ਇੱਕ ਅਜਿਹੀ ਕਾਲੀ ਧੁੰਦ ਵਿੱਚ ਢੱਕ ਲਿਆ ਹੈ ਜਿਸ ਦੇ ਕਾਰਨ ਪਰਿਵਾਰਾਂ ਦੇ ਪਰਿਵਾਰ ਉੱਜੜ ਰਹੇ ਹਨ ਨੌਜਵਾਨ ਜੀਵਨ ਪ੍ਰਤੀ ਆਪਣੀਆਂ ਉਮੀਦਾਂ ਗਵਾ ਰਹੇ ਹਨ ਅਤੇ ਪੂਰਾ ਸਮਾਜ ਆਰਥਿਕ ਅਤੇ ਨੈਤਿਕ ਪੱਖੋਂ ਖ਼ਤਰੇ ਵਿੱਚ ਪੈ ਗਿਆ ਹੈ।

ਵਿਸ਼ਾ ਮਾਹਰ ਚੇਤਾਵਨੀ ਦੇ ਰਹੇ ਹਨ ਕਿ ਜੇਕਰ ਸਮੇਂ ਰਹਿੰਦੇ ਇਸ ਮਾੜੀ ਲੱਤ ਤੋਂ ਬਚਾਅ ਲਈ ਠੋਸ ਕਦਮ ਨਾ ਚੁੱਕੇ ਗਏ ਤਾਂ ਦੁਨੀਆ ਭਰ ਦੇ ਨੌਜਵਾਨ ਇਸਦੀ ਮਾਰੂ ਚਪੇਟ ਵਿੱਚ ਆ ਜਾਣਗੇ।

**ਨਸ਼ਾ ਕੀ ਹੈ ?**

ਅੱਜ ਦੀ ਤੇਜ਼ ਰਫ਼ਤਾਰ ਵਾਲੀ ਜ਼ਿੰਦਗੀ ਵਿੱਚ ਮਨੁੱਖ ਆਪਣੀਆਂ ਤਕਲੀਫ਼ਾਂ ਅਤੇ ਮਨੋਵਿਗਿਆਨਕ ਦਬਾਵਾਂ ਤੋਂ ਬਚਣ ਲਈ ਸ਼ਰਾਬ, ਸਿਗਰਟ, ਚਰਸ, ਅਫੀਮ, ਹੀਰੋਇਨ, ਸਮੈਕ ਅਤੇ ਹੋਰ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਕਰਦਾ ਹੈ। ਇਹ ਨਸ਼ੇ ਇਨਸਾਨ ਨੂੰ ਆਪਣੇ ਆਪ ਤੋਂ ਬੇਖ਼ਬਰ ਕਰ ਦਿੰਦੇ ਹਨ ਅਤੇ ਉਹ ਆਪਣੀ ਜ਼ਿੰਮੇਵਾਰੀ ਅਤੇ ਜੀਵਨ ਦੀਆਂ ? ਲੀਹਾਂ ਤੋਂ ਉਖੜ ਜਾਂਦਾ ਹੈ।

**ਨਸ਼ਿਆਂ ਦੇ ਮਾਰੂ ਪ੍ਰਭਾਵ**

ਨਿਊਜਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

ਨਸ਼ਾ ਇਨਸਾਨ ਦੀ ਆਰਥਿਕਤਾ ਅਤੇ ਆਤਮ-ਸਮਾਨ ਦੋਹਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਨਸ਼ੇੜੀ ਵਿਅਕਤੀ ਆਪਣਾ ਘਰ ਪਰਿਵਾਰ ਵੀ ਚੰਗੀ ਤਰ੍ਹਾਂ ਨਹੀਂ ਚਲਾ ਸਕਦਾ ਅਤੇ ਆਪਣੀ ਆਰਥਿਕ ਅਤੇ ਮਾਨਸਿਕ ਖ਼ੁਦਮੁਖਤਿਆਰੀ ਗਵਾ ਬੈਠਦਾ ਹੈ। ਨਸ਼ਾ ਕਰਨ ਵਾਲੇ ਇਨਸਾਨਾਂ ਦੀ ਸਰੀਰਕ ਤਾਕਤ ਘਟ ਜਾਂਦੀ ਹੈ ਅਤੇ ਵੱਖਰੀਆਂ ਵੱਖਰੀਆਂ ਬਿਮਾਰੀਆਂ ਉਸ ਨੂੰ ਘੇਰਨਾ ਸ਼ੁਰੂ ਕਰ ਦਿੰਦੀਆਂ ਹਨ।



**ਨਸ਼ੇ ਦੀ ਲੱਤ ਕਿਉਂ ਲੱਗਦੀ ਹੈ ?**

ਆਧੁਨਿਕ ਯੁੱਗ ਵਿੱਚ ਨੈਤਿਕ ਮੁੱਲਾਂ ਦੀ ਗਿਰਾਵਟਤਾ, ਪਰਿਵਾਰਾਂ ਦਾ ਟੁੱਟਣਾ ਅਤੇ ਫਿਲਮੀ ਦੁਨੀਆਂ ਦੀ ਨਕਲ ਕਰਨ ਦੀ ਲੱਤ ਨੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕ ਦਿੱਤਾ ਹੈ। ਕਈ ਥਾਵਾਂ ਤੇ ਮਾਲਕਾਂ ਵੱਲੋਂ ਮਜ਼ਦੂਰਾਂ ਨੂੰ ਥਕਾਵਟ ਦੂਰ ਕਰਨ ਲਈ ਨਸ਼ੇ ਦਿੱਤੇ ਜਾਂਦੇ ਹਨ। ਸਮਾਜ ਵਿੱਚ ਫੈਲੀ ਹੋਈ ਦਿਖਾਵਟੀ ਟੌਹਰ ਤੇ ਲੱਚਰਤਾ ਵੀ ਨਸ਼ਿਆਂ ਨੂੰ ਵਧਾਉਣ ਵਾਲੇ ਮੁੱਖ ਕਾਰਣ ਹਨ।

**ਸਿਹਤ ਤੇ ਨਸ਼ਿਆਂ ਦੇ ਭਿਆਨਕ ਪ੍ਰਭਾਵ**

ਨਸ਼ਾ ਇਨਸਾਨ ਦੇ ਮਨ ਤੇ ਸਰੀਰ ਨੂੰ ਹੌਲੀ-ਹੌਲੀ ਖਤਮ ਕਰ ਦਿੰਦਾ ਹੈ। ਭੁੱਖ ਘੱਟ ਲੱਗਣੀ, ਦਿਲ ਬੇਚੈਨ ਰਹਿਣਾ, ਯਾਦਦਾਸ਼ਤ ਦੀ ਕਮੀ, ਅੰਗ ਕੰਬਣੇ, ਅੱਖਾਂ ਲਾਲ ਹੋਣੀਆਂ ਆਦਿ ਨਸ਼ਿਆਂ ਦੀ ਗ੍ਰਿਫਤ ਵਾਲੇ ਇਨਸਾਨਾਂ ਦੇ ਆਮ ਲੱਛਣ ਬਣ ਜਾਂਦੇ ਹਨ। ਇਹ ਬਹੁਤ ਸਾਰੀਆਂ ਲਾਇਲਾਜ਼ ਬਿਮਾਰੀਆਂ ਦਾ ਕਾਰਨ ਬਣਦਾ ਹੈ।

**ਨਸ਼ੀਲੀਆਂ ਦਵਾਈਆਂ ਦੇ ਕਾਰਨ ਮੌਤਾਂ**

ਅੱਜ ਕੱਲ ਨੌਜਵਾਨ ਨਸ਼ੀਲੀਆਂ ਦਵਾਈਆਂ ? ਜਿਵੇਂ ਅਫੀਮ, ਮਾਰਫੀਨ ਦੇ ਟੀਕੇ, ਸਮੈਕ, ਖੰਘ ਦੀਆਂ ਦਵਾਈਆਂ ਅਤੇ ਦਰਦ ਨਿਵਾਰਕ ਗੋਲੀਆਂ ਦੀ ਦੁਰਵਰਤੋਂ ਕਰ ਰਹੇ ਹਨ, ਜਿਸ ਨਾਲ ਮੌਤਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

**ਸਮਾਜ ਤੇ ਮੰਡਰਾਉਂਦਾ ਸੰਕਟ**

ਨਸ਼ਾ ਸਿਰਫ਼ ਇਕ ਵਿਅਕਤੀਕਤ ਸਮੱਸਿਆ ਨਹੀਂ, ਸਗੋਂ ਸਮੂਹ ਸਮਾਜ ਲਈ ਘਾਤਕ ਬਣ ਚੁੱਕਾ ਹੈ। ਇਹ ਨੌਜਵਾਨ ਪੀੜ੍ਹੀ ਦੀ ਤਬਾਹੀ ਦੇ ਨਾਲ-ਨਾਲ ਆਰਥਿਕਤਾ ਅਤੇ ਮੂਲ ਨੈਤਿਕਤਾ ਨੂੰ ਵੀ ਖੋਖਲਾ ਕਰ ਰਿਹਾ ਹੈ।

ਪਰਿਵਾਰਕ ਜ਼ਿੰਦਗੀ ਤੇ ਨਸ਼ੇ ਦਾ ਅਸਰ

ਅਣਗਿਣਤ ਪਰਿਵਾਰ ਨਸ਼ੇ ਦੇ ਕਾਰਨ ਟੁੱਟ ਗਏ ਹਨ। ਮਾਪੇ ਆਪਣਿਆਂ ਬੱਚਿਆਂ ਦੀ ਬਦਲਦੀ ਹੋਈ ਸੋਚ ਅਤੇ ਆਚਰਣ ਕਾਰਨ ਡਰ, ਚਿੰਤਾ, ਬੇਚੈਨੀ ਅਤੇ ਆਰਥਿਕ ਸੰਕਟ ਦਾ ਸ਼ਿਕਾਰ ਹੋ ਰਹੇ ਹਨ।

**ਅਪਰਾਧ ਤੇ ਨਸ਼ਾ**

ਨਸ਼ੇ ਦੀ ਲੱਤ ਨੌਜਵਾਨਾਂ ਨੂੰ ਚੋਰੀ, ਡਕੈਤੀ ਅਤੇ ਕਤਲ ਵਰਗੇ ਅਪਰਾਧਾਂ ਵੱਲ ਧੱਕ ਰਹੀ ਹੈ। ਆਪਣੇ ਨਸ਼ੇ ਦੀ ਲੱਤ ਨੂੰ ਪੂਰਾ ਕਰਨ ਲਈ ਅਕਸਰ ਨੌਜਵਾਨ ਅਪਰਾਧ ਜਗਤ ਵਿੱਚ ਸ਼ਾਮਲ ਹੋ ਜਾਂਦੇ ਹਨ।

**ਹੱਲ : ਸਮਾਜਿਕ ਜਾਗਰੂਕਤਾ**

ਇਸ ਭਿਆਨਕ ਸਮੱਸਿਆ ਦਾ ਇਕਮਾਤਰ ਹੱਲ ਸਮਾਜਿਕ ਜਾਗਰੂਕਤਾ ਹੈ। ਮਾਪੇ, ਅਧਿਆਪਕ ਅਤੇ ਸਮਾਜਿਕ ਸੰਸਥਾਵਾਂ ਨੂੰ ਅੱਗੇ ਆ ਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਨੁਕਸਾਨਾਂ ਬਾਰੇ ਸਮਝਾਉਣਾ ਹੋਵੇਗਾ। ਨੌਜਵਾਨਾਂ ਨੂੰ ਸਕਾਰਾਤਮਕ ਕੰਮਾਂ ਵਿੱਚ ਸ਼ਾਮਲ ਕਰਕੇ, ਵਧੀਆ ਸਿੱਖਿਆ ਅਤੇ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਕੇ ਉਨ੍ਹਾਂ ਨੂੰ ਨਸ਼ੇ ਤੋਂ ਬਚਾਇਆ ਜਾ ਸਕਦਾ ਹੈ। ਜੇਕਰ ਵਿਸ਼ਵ ਸਮਾਜ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਬਚਾਉਣਾ ਚਾਹੁੰਦਾ ਹੈ ਤਾਂ ਨਸ਼ਿਆਂ ਵਿਰੁੱਧ ਤੁਰੰਤ ਅਤੇ ਠੋਸ ਕਾਰਵਾਈ ਕਰਨ ਲਈ ਆਪਣੀ ਕਮਰ ਕੱਸ ਕੇ ਰੱਖੇ।




# ਟਰੰਪ ਦੇ ਟੈਰਿਫ ਯੁੱਧ ਨੇ ਦੁਨੀਆ ਨੂੰ ਹਸਾ ਦਿੱਤਾ

## ਕੀ ਇਸ ਨਾਲ ਦੁਨੀਆ ਨਾਲ ਦੁਸ਼ਮਣੀ ਵਧ ਗਈ ਹੈ ?- ਕੀ ਇਸ ਨਾਲ ਨੋਬਲ ਸ਼ਾਂਤੀ ਪੁਰਸਕਾਰ ਮਿਲਣ ਦੀ ਸੰਭਾਵਨਾ ਘੱਟ ਗਈ ਹੈ ?

ਵਿਸ਼ਵ ਪੱਧਰ ’ਤੇ, ਪੂਰੀ ਦੁਨੀਆ ਜਾਣਦੀ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ, ਡੋਨਾਲਡ ਟਰੰਪ ਨੇ ਅਮਰੀਕਨ ਫਸਟ, ਟੈਰਿਫ, ਮੇਕ ਅਮਰੀਕਾ ਗ੍ਰੇਟ ਅਗੇਨ, ਗੈਰ-ਕਾਨੂੰਨੀ ਪ੍ਰਵਾਸੀਆਂ ਦੇ ਮੁੱਦੇ ਸਮੇਤ ਬਹੁਤ ਸਾਰੇ ਵਾਅਦੇ ਕੀਤੇ ਸਨ, ਜਿਨ੍ਹਾਂ ਨੂੰ ਪੂਰਾ ਕਰਨ ਲਈ ਉਸਨੇ ਬਹੁਤ ਤੇਜ਼ੀ ਨਾਲ ਲੜਨਾ ਸ਼ੁਰੂ ਕਰ ਦਿੱਤਾ ਹੈ, ਪਰ ਜਲਦਬਾਜ਼ੀ ਵਿੱਚ ਕੋਈ ਵੀ ਕੰਮ ਕਰਨਾ ਨੁਕਸਾਨਦੇਹ ਹੋ ਸਕਦਾ ਹੈ, ਇਸ ਬਾਰੇ ਭਾਰਤ ਵਿੱਚ ਬਹੁਤ ਸਾਰੀਆਂ ਕਹਾਵਤਾਂ ਹਨ, ਜਿਵੇਂ ਕਿ ਜਲਦਬਾਜ਼ੀ ਵਿੱਚ ਕੀਤਾ ਕੰਮ ਘੱਟ ਸ਼ੈਤਾਨੀ ਹੁੰਦਾ ਹੈ, ਸਬਰ ਰੱਖੋ, ਅਤੇ ਬਹੁਤ ਸਾਰੀਆਂ ਕਹਾਵਤਾਂ ਹਨ। ਅੱਜ ਅਸੀਂ ਇਸ ਵਿਸ਼ੇ ’ਤੇ ਚਰਚਾ ਕਰ ਰਹੇ ਹਾਂ ਕਿਉਂਕਿ ਜਦੋਂ ਤੋਂ ਟਰੰਪ ਚੁਣੇ ਗਏ ਹਨ, ਉਹ ਆਪਣੇ ਚੋਣ ਵਾਅਦਿਆਂ ਨੂੰ ਲਾਗੂ ਕਰਨ ਵਿੱਚ ਜਲਦਬਾਜ਼ੀ ਕਰ ਰਹੇ ਹਨ, ਜਦੋਂ ਕਿ ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ, ਮੰਨਦਾ ਹਾਂ ਕਿ ਕੋਈ ਵੀ ਕੰਮ, ਵਾਅਦਾ, ਉਮੀਦ ਧੀਰਜ ਅਤੇ ਦ੍ਰਿੜਤਾ ਅਤੇ ਰਣਨੀਤਕ ਕੰਮ ਨਾਲ ਪੂਰੀ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਇਸਦੇ ਲੰਬੇ ਸਮੇਂ ਦੇ ਸਕਾਰਾਤਮਕ ਨਤੀਜੇ ਵੇਖੇ ਜਾ ਸਕਣ। ਮੇਰੀ ਰਾਏ ਵਿੱਚ, ਸ਼ਾਇਦ ਟਰੰਪ ਇਸ ਜਲਦਬਾਜ਼ੀ ਵਿੱਚ ਕੰਮ ਕਰ ਰਿਹਾ ਹੈ, ਜਿਸਦੀ ਸਹੀ ਉਦਾਹਰਣ ਉਹ ਹੈ ਜਿਸ ਤਰ੍ਹਾਂ ਉਹ ਫੈਸਲੇ ਲੈ ਰਿਹਾ ਹੈ ਅਤੇ ਫਿਰ ਉਨ੍ਹਾਂ ਨੂੰ ਰੱਦ ਕਰ ਰਿਹਾ ਹੈ, ਜਾਂ ਉਨ੍ਹਾਂ ਨੂੰ ਐਕਸਟੈਂਸ਼ਨ ਦੇ ਰਿਹਾ ਹੈ, ਅਤੇ ਸੌਦੇਬਾਜ਼ੀ ਨੀਤੀ ਵੱਲ ਵਧ ਰਿਹਾ ਹੈ, ਕਾਨਫਰੰਸ ਵਿੱਚ ਪੰਜ ਅਫਰੀਕੀ ਦੇਸ਼ਾਂ ਨਾਲ ਵਿਵਹਾਰ, ਕਈ ਆਰਥਿਕ ਤੌਰ ’ਤੇ ਮਜ਼ਬੂਤ ਦੇਸ਼ਾਂ ਨਾਲ ਵਿਵਹਾਰ ਸਮੇਤ ਕਈ ਮੁੱਦਿਆਂ ’ਤੇ ਦਬਾਅ ਅਤੇ ਧੱਕੇਸ਼ਾਹੀ ਦੀ ਭਾਵਨਾ ਹੈ, ਕਿ ਇੱਕ ਤਰ੍ਹਾਂ ਨਾਲ ਉਹ ਪੂਰੀ ਦੁਨੀਆ ਨਾਲ ਦੁਸ਼ਮਣੀ ਵੱਲ ਵਧ ਰਿਹਾ ਹੈ। ਕਿਉਂਕਿ ਯੂਰਪੀਅਨ ਯੂਨੀਅਨ ’ਤੇ ਆਪਣੇ ਆਪ ਟੈਰਿਫ ਲਗਾ ਕੇ ਦਬਾਅ ਪਾਉਣਾ, ਚੀਨ ’ਤੇ 145 ਪ੍ਰਤੀਸ਼ਤ ਟੈਕਸ ਲਗਾਉਣਾ ਅਤੇ ਫਿਰ ਪਿੱਛੇ ਹਟਣਾ, ਸਾਰਿਆਂ ਨੂੰ ਟੈਰਿਫ ਅਲਟੀਮੇਟਮ ਦੇਣਾ ਸਹੀ ਨਹੀਂ ਹੈ, ਇਸ ਬਾਰੇ ਬ੍ਰਿਕਸ ਕਾਨਫਰੰਸ ਵਿੱਚ ਇੱਕ ਸਾਂਝਾ ਬਿਆਨ ਵੀ ਦਿੱਤਾ ਗਿਆ ਸੀ। ਕਿਉਂਕਿ ਟਰੰਪ ਰਾਸ਼ਟਰਪਤੀ ਬਣਨ ਤੋਂ ਬਾਅਦ ਤੋਂ ਹੀ ਆਪਣੀਆਂ ਨੀਤੀਆਂ ਅਤੇ ਬਿਆਨਾਂ ਲਈ ਸੁਰਖੀਆਂ ਵਿੱਚ ਰਹੇ ਹਨ, ਅੱਜ ਅਸੀਂ ਇਸ ਲੇਖ ਰਾਹੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਚਰਚਾ ਕਰਾਂਗੇ, ਟਰੰਪ ਦੀ ਟੈਰਿਫ ਯੁੱਧ ਨੇ ਉਨ੍ਹਾਂ ਨੂੰ ਹਾਸੇ ਦਾ ਪਾਤਰ ਬਣਾ ਦਿੱਤਾ - ਕੀ ਇਸ ਨਾਲ ਦੁਨੀਆ ਨਾਲ ਦੁਸ਼ਮਣੀ ਪੈਦਾ ਹੋਈ ? - ਕੀ ਇਸ ਨਾਲ ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਘੱਟ ਗਈਆਂ ? ਦੋਸਤੋ, ਜੇਕਰ ਅਸੀਂ 12 ਜੁਲਾਈ 2025 ਨੂੰ 1 ਅਗਸਤ 2025 ਤੋਂ ਮੈਕਸੀਕੋ ਅਤੇ ਯੂਰਪੀਅਨ ਯੂਨੀਅਨ ’ਤੇ 30 ਪ੍ਰਤੀਸ਼ਤ ਟੈਰਿਫ ਲਗਾਉਣ ਦੇ ਐਲਾਨ ਬਾਰੇ ਗੱਲ ਕਰੀਏ, ਤਾਂ ਉਸਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਰਾਹੀਂ ਇਸ ਸਬੰਧ ਵਿੱਚ ਮੈਕਸੀਕੋ ਅਤੇ ਯੂਰਪੀਅਨ ਯੂਨੀਅਨ ਨੂੰ ਲਿਖੇ ਪੱਤਰ ਸਾਂਝੇ ਕੀਤੇ। ਟਰੰਪ ਦੇ ਇਸ ਕਦਮ ਨਾਲ ਵਪਾਰ ਯੁੱਧ ਦੇ ਹੋਰ ਤੇਜ਼ ਹੋਣ ਦੀ ਸੰਭਾਵਨਾ ਵਧ ਗਈ ਹੈ, ਖਾਸ ਕਰਕੇ ਅਜਿਹੇ ਸਮੇਂ ਵਿੱਚ ਜਦੋਂ ਯੂਰਪੀਅਨ ਯੂਨੀਅਨ ਆਪਣੇ ਸਹਿਯੋਗੀ ਅਮਰੀਕਾ ਨਾਲ ਇੱਕ ਵਿਆਪਕ ਵਪਾਰ ਸਮਝੌਤੇ ’ਤੇ ਕੰਮ ਕਰ ਰਹੀ ਹੈ। 27 ਮੈਂਬਰੀ ਯੂਰਪੀਅਨ ਯੂਨੀਅਨ ਨੂੰ ਹੁਣ ਅਮਰੀਕੀ ਬਾਜ਼ਾਰਾਂ ਵਿੱਚ ਵੱਡੀਆਂ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਟਰੰਪ ਦਾ ਇਹ ਐਲਾਨ ਇਸ ਹਫ਼ਤੇ ਦੇ ਸ਼ੁਰੂ ਵਿੱਚ ਜਾਪਾਨ, ਦੱਖਣੀ ਕੋਰੀਆ, ਕੈਨੇਡਾ ਅਤੇ ਬ੍ਰਾਜ਼ੀਲ ਤੋਂ ਆਉਣ ਵਾਲੇ ਸਮਾਨ ’ਤੇ ਟੈਰਿਫ ਵਧਾਉਣ ਤੋਂ ਬਾਅਦ ਆਇਆ ਹੈ। ਉਸਨੇ ਇਨ੍ਹਾਂ ਦੇਸ਼ਾਂ ਤੋਂ ਤਾਂਬੇ ਦੇ ਆਯਾਤ ’ਤੇ 50 ਪ੍ਰਤੀਸ਼ਤ ਦਾ ਵੱਡਾ ਟੈਰਿਫ ਲਗਾਇਆ ਹੈ। ਯੂਰਪੀਅਨ ਯੂਨੀਅਨ ਕਮਿਸ਼ਨ ਦੇ ਪ੍ਰਧਾਨ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਫੈਸਲੇ ’ਤੇ ਕਿਹਾ, ’ਈਯੂ ਦੇ ਨਿਰਯਾਤ ’ਤੇ 30 ਪ੍ਰਤੀਸ਼ਤ ਟੈਰਿਫ ਐਟਲਾਂਟਿਕ ਦੇ ਦੋਵੇਂ ਪਾਸੇ ਕਾਰੋਬਾਰਾਂ, ਖਪਤਕਾਰਾਂ ਅਤੇ ਮਰੀਜ਼ਾਂ ਨੂੰ ਨੁਕਸਾਨ ਪਹੁੰਚਾਏਗਾ। ਅਸੀਂ 1 ਅਗਸਤ ਤੱਕ ਇੱਕ ਸਮਝੌਤੇ ਵੱਲ ਕੰਮ ਕਰਨਾ ਜਾਰੀ ਰੱਖਾਂਗੇ, ਇਸ ਦੇ ਨਾਲ ਹੀ, ਅਸੀਂ 30 ਪ੍ਰਤੀਸ਼ਤ ਟੈਰਿਫ ਦੇ ਇਸ ਫੈਸਲੇ ’ਤੇ ਢੁਕਵੇਂ ਪ੍ਰਕਿਰਿਆਤਮਕ ਕਦਮ ਚੁੱਕਣ ਅਤੇ ਯੂਰਪੀਅਨ ਯੂਨੀਅਨ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਤਿਆਰ ਹਾਂ। ਪੱਤਰ ਵਿੱਚ ਕਿਹਾ ਗਿਆ ਹੈ ਕਿ ਮਜ਼ਬੂਤ ਸਬੰਧਾਂ ਦੇ ਬਾਵਜੂਦ, ਅਮਰੀਕਾ ਨੇ ਆਪਣੇ ’ਫੈਂਟਾਨਿਲ ਸੰਕਟ’ ਨਾਲ ਨਜਿੱਠਣ ਲਈ ਮੈਕਸੀਕੋ ’ਤੇ ਟੈਰਿਫ ਲਗਾਏ ਹਨ, ਜੋ ਕਿ ਅੰਸ਼ਕ ਤੌਰ ’ਤੇ ਮੈਕਸੀਕੋ ਵੱਲੋਂ ਕਾਰਟੈਲਾਂ ਨੂੰ ਰੋਕਣ ਵਿੱਚ ਅਸਫਲ ਰਹਿਣ ਕਾਰਨ ਕਿਹਾ ਗਿਆ ਸੀ। ਟਰੰਪ ਦੇ ਅਨੁਸਾਰ, ਮੈਕਸੀਕੋ ਮੇਰੀ ਸਰਹੱਦ ਨੂੰ ਸੁਰੱਖਿਅਤ ਕਰਨ ਵਿੱਚ ਮਦਦ ਕਰ ਰਿਹਾ ਹੈ, ਪਰ ਇਸ ਦੇਸ਼ ਨੇ ਜੋ ਕੀਤਾ ਹੈ ਉਹ ਕਾਫ਼ੀ ਨਹੀਂ ਹੈ, ਮੈਕਸੀਕੋ ਨੇ ਅਜੇ ਵੀ ਉਨ੍ਹਾਂ ਕਾਰਟੈਲਾਂ ਨੂੰ ਨਹੀਂ ਰੋਕਿਆ ਹੈ ਜੋ ਪੂਰੇ ਉੱਤਰੀ ਅਮਰੀਕਾ ਨੂੰ ਨਾਰਕੋ-ਤਸਕਰੀ ਦੇ ਮੈਦਾਨ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ। ਸਪੱਸ਼ਟ ਤੌਰ ’ਤੇ, ਮੈਂ ਅਜਿਹਾ ਨਹੀਂ ਹੋਣ ਦਿਆਂਗਾ। ਅਮਰੀਕੀ ਰਾਸ਼ਟਰਪਤੀ ਟਰੰਪ ਨੇ ਮੈਕਸੀਕੋ ਅਤੇ ਯੂਰਪੀਅਨ ਯੂਨੀਅਨ (5”) ’ਤੇ 30 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ, ਇਨ੍ਹਾਂ ਦੇਸ਼ਾਂ ’ਤੇ ਟੈਰਿਫ 1 ਅਗਸਤ ਤੋਂ ਲਾਗੂ ਹੋਵੇਗਾ, ਇਸ ਤੋਂ ਪਹਿਲਾਂ ਟਰੰਪ ਅਮਰੀਕਾ ਦੇ ਸੱਤ ਛੋਟੇ ਵਪਾਰਕ ਭਾਈਵਾਲਾਂ ਨੂੰ ਟੈਰਿਫ ਪੱਤਰ ਭੇਜ ਚੁੱਕੇ ਹਨ, ਜਿਸ ਵਿੱਚ ਫਿਲੀਪੀਨਜ਼, ਬਰੂਨੇਈ, ਮੋਲਡੋਵਾ, ਅਲਜੀਰੀਆ, ਲੀਬੀਆ, ਇਰਾਕ ਅਤੇ ਸ਼੍ਰੀਲੰਕਾ ਵਰਗੇ ਦੇਸ਼ ਸ਼ਾਮਲ ਹਨ। ਦੋਸਤੋ, ਜੇਕਰ ਅਸੀਂ ਬ੍ਰਾਜ਼ੀਲ ਵਿੱਚ ਦੋ-ਰੋਜ਼ਾ ਬ੍ਰਿਕਸ ਸੰਮੇਲਨ ਦੇ ਸਾਂਝੇ ਬਿਆਨ ’ਤੇ ਟਰੰਪ ਦੇ ਗੁੱਸੇ ਭਰੇ ਬਿਆਨ ਦੀ ਗੱਲ ਕਰੀਏ, ਤਾਂ ਇੱਕ ਸਾਂਝੇ ਬਿਆਨ ਵਿੱਚ, ਪ੍ਰਧਾਨ ਮੰਤਰੀ ਸਮੇਤ ਬ੍ਰਿਕਸ ਨੇਤਾਵਾਂ ਨੇ ਕਿਹਾ ਕਿ ਅਸੀਂ ਇੱਕਪਾਸੜ ਟੈਰਿਫ ਅਤੇ ਗੈਰ-ਟੈਰਿਫ ਉਪਾਵਾਂ ਵਿੱਚ ਵਾਧੇ ’ਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹਾਂ, ਜੋ ਵਪਾਰ ਨੂੰ ਵਿਗਾੜਦੇ ਹਨ ਅਤੇ ➟“® ਦੇ ਨਿਯਮਾਂ ਦੇ ਅਨੁਸਾਰ ਨਹੀਂ ਹਨ। ਬਿਆਨ ਵਿੱਚ ÷ਵਿਸ਼ਵ ਵਪਾਰ ਵਿੱਚ ਟੈਰਿਫ ਦੀ ਵੱਧ ਰਹੀ ਵਰਤੋਂ÷ ਦਾ ਵੀ ਜ਼ਿਕਰ ਕੀਤਾ ਗਿਆ ਸੀ। ਹਾਲਾਂਕਿ ਇਸ ਸਮੇਂ ਦੌਰਾਨ ਕੋਈ ਨਾਮ ਨਹੀਂ ਲਿਆ ਗਿਆ, ਪਰ ਹਰ ਕੋਈ ਜਾਣਦਾ ਹੈ ਕਿ ਅਮਰੀਕਾ ਬਾਰੇ ਗੱਲ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਬ੍ਰਿਕਸ ਦੇ ਸਾਂਝੇ ਬਿਆਨ ਵਿੱਚ ਚੇਤਾਵਨੀ ਦਿੱਤੀ ਗਈ ਸੀ ਕਿ ਟੈਰਿਫ ਦੀ ਲਗਾਤਾਰ ’ਅੰਨ੍ਹੇਵਾਹ’ ਵਰਤੋਂ ਵਿਸ਼ਵ ਵਪਾਰ ਨੂੰ ਘਟਾ ਸਕਦੀ ਹੈ। ਇਸ ਤੋਂ ਇਲਾਵਾ, ਗਲੋਬਲ ਸਪਲਾਈ ਚੇਨ ਵਿੱਚ ਵਿਘਨ ਪੈ ਸਕਦਾ ਹੈ, ਅਤੇ ਅੰਤਰਰਾਸ਼ਟਰੀ ਆਰਥਿਕ ਅਤੇ ਵਪਾਰਕ ਗਤੀਵਿਧੀਆਂ ਵਿੱਚ ਅਨਿਸ਼ਚਿਤਤਾ ਪੈਦਾ ਹੋ ਸਕਦੀ ਹੈ, ਜੋ ਮੌਜੂਦਾ ਆਰਥਿਕ ਅਸਮਾਨਤਾਵਾਂ ਨੂੰ ਹੋਰ ਵਧਾ ਸਕਦੀ ਹੈ। ਤਹਿਰਾਨ ਹੁਣ ਇਸ ਸੰਗਠਨ ਦਾ ਪੂਰਾ ਮੈਂਬਰ ਹੈ ਅਤੇ ਇਹ ਲਾਜ਼ਮੀ ਸੀ ਕਿ ਸਾਂਝੇ ਬਿਆਨ ਵਿੱਚ ਇਜ਼ਰਾਈਲ ਨਾਲ ਫੌਜੀ ਟਕਰਾਅ ਅਤੇ ਅਮਰੀਕਾ ਦੁਆਰਾ ਇਸਦੇ ਪ੍ਰਮਾਣੂ ਸਥਾਪਨਾਵਾਂ ’ਤੇ ਬੰਬਾਰੀ ਦਾ ਜ਼ਿਕਰ ਕੀਤਾ ਗਿਆ ਸੀ। ਹੁਣ ਸਵਾਲ ਇਹ ਹੈ ਕਿ ਟਰੰਪ ਬ੍ਰਿਕਸ ਨੂੰ ਕਿਉਂ ਨਿਸ਼ਾਨਾ ਬਣਾ ਰਹੇ ਹਨ। ਪੱਛਮ ਦੇ ਅਰਥਸ਼ਾਸਤਰੀ ਅਤੇ ਨੀਤੀ ਵਿਸ਼ਲੇਸ਼ਕ ਇਸ ਬਾਰੇ ਜੋ ਵੀ ਕਹਿਣ, ਅਜਿਹਾ ਲਗਦਾ ਹੈ ਕਿ ਇਹ ਸਮੂਹ ਆਪਣੇ ਸਮਰਥਕਾਂ ਨੂੰ ਇਕੱਠਾ ਕਰ ਰਿਹਾ ਹੈ ਅਤੇ ਅਮਰੀਕਾ ਅਤੇ ਹੋਰ ਰਵਾਇਤੀ ਸ਼ਕਤੀਆਂ ਲਈ ਇੱਕ ਚੁਣੌਤੀ ਵਜੋਂ ਉੱਭਰ ਰਿਹਾ ਹੈ। ਉਦਾਹਰਣ ਵਜੋਂ, ਇਹ ਅੰਤਰਰਾਸ਼ਟਰੀ ਵਪਾਰ ਲਈ ਡਾਲਰ ਨੂੰ ਪਸੰਦੀਦਾ ਮੁਦਰਾ ਵਜੋਂ ਹਟਾਉਣ ਲਈ ਜ਼ੋਰ ਦੇ ਰਿਹਾ ਹੈ। ਇਸ ਤੋਂ ਇਲਾਵਾ, ਨਵੇਂ ਵਿਕਸਤ, ਵਿਕਾਸਸ਼ੀਲ ਅਤੇ ਘੱਟ ਵਿਕਸਤ ਅਰਥਚਾਰਿਆਂ ’ਤੇ ਇਸਦੇ ਵਧਦੇ ਪ੍ਰਭਾਵ ਕਾਰਨ, ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਲਈ ਸੌਦੇ ਕਰਦੇ ਸਮੇਂ ਸ਼ਰਤਾਂ ਨਿਰਧਾਰਤ ਕਰਨਾ ਮੁਸ਼ਕਲ ਹੋ ਗਿਆ ਹੈ। ਬ੍ਰਿਕਸ ਦੀ ਸਥਾਪਨਾ 2009 ਵਿੱਚ ਹੋਈ ਸੀ, ਇਥੋਪੀਆ, ਸੰਯੁਕਤ ਅਰਬ ਅਮੀਰਾਤ ਅਤੇ ਈਰਾਨ ਅਤੇ ਇੰਡੋਨੇਸ਼ੀਆ ਵੀ 2025 ਵਿੱਚ ਇਸ ਵਿੱਚ ਸ਼ਾਮਲ ਹੋਣਗੇ। 6 ਮਹੀਨੇ ਪਹਿਲਾਂ, ਜਦੋਂ ਸਮੂਹ ਦੇ ਦੇਸ਼ਾਂ ਨੇ ਬ੍ਰਿਕਸ ਮੁਦਰਾ ਬਾਰੇ ਇੱਕ ਵੱਡਾ ਐਲਾਨ ਕੀਤਾ ਸੀ ਅਤੇ ਡਾਲਰ ਨੂੰ ਚੁਣੌਤੀ ਦੇਣ ਦੀ ਗੱਲ ਕੀਤੀ ਸੀ, ਉਸ ਸਮੇਂ ਵੀ ਟਰੰਪ ਨੇ ਗੁੱਸਾ ਜ਼ਾਹਰ ਕੀਤਾ ਸੀ। ਟਰੰਪ ਨੇ ਕਿਹਾ ਸੀ ਕਿ ਅਜਿਹੇ ਦੇਸ਼ਾਂ ’ਤੇ 100 ਪ੍ਰਤੀਸ਼ਤ ਟੈਰਿਫ ਲਗਾਇਆ ਜਾਵੇਗਾ। ਇੱਕ ਪਾਸੇ ਟਰੰਪ ਧਮਕੀਆਂ ਦੇ ਰਿਹਾ ਹੈ, ਦੂਜੇ ਪਾਸੇ, ਉਨ੍ਹਾਂ ਦੀਆਂ ਧਮਕੀਆਂ ਕਾਰਨ, ਬ੍ਰਿਕਸ ਦੇਸ਼ਾਂ ਦੇ ਸਬੰਧ ਮਜ਼ਬੂਤ ਹੁੰਦੇ ਜਾ ਰਹੇ ਹਨ। ਦੋਸਤੋ, ਜੇਕਰ ਅਸੀਂ ਅਮਰੀਕੀ ਵਿਦੇਸ਼ ਵਿਭਾਗ ਦੇ 1300 ਤੋਂ ਵੱਧ ਕਰਮਚਾਰੀਆਂ ਦੀ ਛਾਂਟੀ ਦੀ ਗੱਲ ਕਰੀਏ ਤਾਂ ਅਮਰੀਕਾ ਵਿੱਚ, ਟਰੰਪ ਪ੍ਰਸ਼ਾਸਨ ਦੇ ਸੰਘੀ ਕਰਮਚਾਰੀਆਂ ਦੀ ਗਿਣਤੀ ਘਟਾਉਣ ਦੇ ਯਤਨਾਂ ਦੇ ਹਿੱਸੇ ਵਜੋਂ, ਵਿਦੇਸ਼ ਵਿਭਾਗ ਦੇ 1,000 ਤੋਂ ਵੱਧ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਸਥਾਨਕ ਮੀਡੀਆ ਦੇ ਅਨੁਸਾਰ, ਇਸ ਅਣਇੱਛਤ ਛਾਂਟੀ ਵਿੱਚ 1,107 ਸਿਵਲ ਸੇਵਾ ਅਤੇ 246 ਵਿਦੇਸ਼ੀ ਸੇਵਾ ਕਰਮਚਾਰੀ ਸ਼ਾਮਲ ਹਨ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਅਮਰੀਕੀ ਸ਼ਰਨਾਰਥੀ ਦਾਖਲਾ ਦਫਤਰ ਦੇ ਲਗਭਗ ਸਾਰੇ ਸਿਵਲ ਸੇਵਾ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਸੰਘੀ ਸਰਕਾਰ ਦੇ ਵਿਆਪਕ ਪੁਨਰਗਠਨ ਯਤਨਾਂ ਦੇ ਹਿੱਸੇ ਵਜੋਂ, ਇਸ ਸਾਲ ਦੇ ਸ਼ੁਰੂ ਵਿੱਚ ਵਿਦੇਸ਼ ਵਿਭਾਗ ਦੇ 1,500 ਤੋਂ ਵੱਧ ਕਰਮਚਾਰੀਆਂ ਨੇ ਸਵੈ-ਇੱਛਾ ਨਾਲ ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਸਨ। ਇਹ ਛਾਂਟੀ ਸੁਪਰੀਮ ਕੋਰਟ ਦੇ ਉਸ ਫੈਸਲੇ ਤੋਂ ਕੁਝ ਦਿਨ ਬਾਅਦ ਆਈ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਟਰੰਪ ਪ੍ਰਸ਼ਾਸਨ ਦੀ ਸੰਘੀ ਕਰਮਚਾਰੀਆਂ ਦੀ ਗਿਣਤੀ ਘਟਾਉਣ ਦੀ ਯੋਜਨਾ ਅੱਗੇ ਵਧ ਸਕਦੀ ਹੈ। ਅਮਰੀਕਾ ਵਿੱਚ ਸੰਘੀ ਸਰਕਾਰ ਵਿੱਚ ਛਾਂਟੀ ਨੂੰ ਸੁਪਰੀਮ ਕੋਰਟ ਵਿੱਚ ਵੀ ਚੁਣੌਤੀ ਦਿੱਤੀ ਗਈ ਸੀ, ਪਰ ਸੁਪਰੀਮ ਕੋਰਟ ਨੇ ਵੀ ਛਾਂਟੀ ਜਾਰੀ ਰੱਖਣ ਦੇ ਹੱਕ ਵਿੱਚ ਫੈਸਲਾ ਸੁਣਾਇਆ। ਅਮਰੀਕੀ ਵਿਦੇਸ਼ ਵਿਭਾਗ ਦੇ ਡਿਪਟੀ ਸੈਕਟਰੀ ਨੇ ਕਿਹਾ ਕਿ ਜਿਨ੍ਹਾਂ ਕਰਮਚਾਰੀਆਂ ਨੂੰ ਛਾਂਟੀ ਕੀਤੀ ਜਾਵੇਗੀ, ਉਨ੍ਹਾਂ ਨੂੰ ਜਲਦੀ ਹੀ ਸੂਚਿਤ ਕੀਤਾ ਜਾਵੇਗਾ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਵਿਦੇਸ਼ ਮੰਤਰਾਲੇ ਤੋਂ ਕਿੰਨੇ ਲੋਕਾਂ ਨੂੰ ਕੱਢਿਆ ਜਾਵੇਗਾ। ਵਿਦੇਸ਼ ਮੰਤਰਾਲੇ ਨੇ ਮਈ ਵਿੱਚ ਕਾਂਗਰਸ ਨੂੰ ਛਾਂਟੀ ਅਤੇ ਪੁਨਰਗਠਨ ਬਾਰੇ ਸੂਚਿਤ ਕੀਤਾ ਸੀ। ਵਿਦੇਸ਼ ਮੰਤਰਾਲੇ ਨੇ ਇਹ ਵੀ ਕਿਹਾ ਕਿ ਪਿਛਲੀ ਸਰਕਾਰ ਦੁਆਰਾ ਚਲਾਏ ਗਏ ਪ੍ਰੋਗਰਾਮਾਂ ਵਿੱਚ ਕਟੌਤੀ ਕੀਤੀ ਜਾਵੇਗੀ। ਦੋਸਤੋ, ਜੇਕਰ ਅਸੀਂ ਅਫਰੀਕੀ ਦੇਸ਼ਾਂ ਦੇ ਤਿੰਨ-ਰੋਜ਼ਾ ਸੰਮੇਲਨ ਵਿੱਚ ਟਰੰਪ ਦੁਆਰਾ ਪ੍ਰਿੰਸੀਪਲ ਦੀ ਭੂਮਿਕਾ ਨਿਭਾਉਣ ਦੀ ਗੱਲ ਕਰੀਏ, ਤਾਂ ਰਾਸ਼ਟਰਪਤੀ ਟਰੰਪ ਨੇ ਵ ?ਹਾਈਟ ਹਾਊਸ ਵਿੱਚ 5 ਅਫਰੀਕੀ ਦੇਸ਼ਾਂ ਦੇ ਮੁਖੀਆਂ ਨਾਲ ਤਿੰਨ-ਰੋਜ਼ਾ ਸੰਮੇਲਨ ਸ਼ੁਰੂ ਕੀਤਾ। ਇਹ 5 ਦੇਸ਼ ਗੈਬਨ, ਗਿਨੀ-ਬਿਸਾਉ, ਲਾਇਬੇਰੀਆ, ਮੌਰੀਤਾਨੀਆ ਅਤੇ ਸੇਨੇਗਲ ਹਨ। 9 ਜੁਲਾਈ ਨੂੰ ਹੋਈ ਇਸ ਮੀਟਿੰਗ ਵਿੱਚ, ਰਾਸ਼ਟਰਪਤੀ ਟਰੰਪ ਨੇ ਸਕੂਲੀ ਬੱਚਿਆਂ ਦੀ ਇੱਕ ਕਲਾਸ ਵਿੱਚ ਬੈਠੇ ਇੱਕ ਪ੍ਰਿੰਸੀਪਲ ਵਾਂਗ ਵਿਵਹਾਰ ਕੀਤਾ। ਉਸਨੇ ਪਹਿਲਾਂ ਮੌਰੀਤਾਨੀਆ ਦੇ ਰਾਸ਼ਟਰਪਤੀ ਨੂੰ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨ ਦਾ ਮੌਕਾ ਦਿੱਤਾ। ਪਰ ਆਪਣਾ ਬਿਆਨ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ, ਰਾਸ਼ਟਰਪਤੀ ਡੋਨਾਲਡ ਟਰੰਪ ਬੇਚੈਨ ਹੋ ਗਏ। ਰਾਸ਼ਟਰਪਤੀ ਟਰੰਪ ਨੇ ਮੌਰੀਤਾਨੀਆ ਦੇ ਰਾਸ਼ਟਰਪਤੀ ਨੂੰ ਆਪਣੇ ਹੱਥਾਂ ਨਾਲ ਇਸ਼ਾਰਾ ਕਰਕੇ ਆਪਣਾ ਭਾਸ਼ਣ ਜਲਦੀ ਖਤਮ ਕਰਨ ਦਾ ਸੰਕੇਤ ਦਿੱਤਾ। ਪਰ ਇਸ ਤੋਂ ਬਾਅਦ ਵੀ, ਮੌਰੀਤਾਨੀਆ ਦੇ ਰਾਸ਼ਟਰਪਤੀ ਆਪਣੇ ਦੇਸ਼ ਦੀਆਂ ਸਮੱਸਿਆਵਾਂ ਬਾਰੇ ਦੱਸਦੇ ਰਹੇ। ਸ਼ਾਇਦ ਉਹ ਅਮਰੀਕਾ ਤੋਂ ਕੁਝ ਮਦਦ ਚਾਹੁੰਦੇ ਹੋਣਗੇ। ਅਤੇ ਫਿਰ ਰਾਸ਼ਟਰਪਤੀ ਟਰੰਪ ਨੇ ਆਪਣਾ ਸਿਰ ਹਿਲਾਇਆ ਅਤੇ ਦੂਜੀ ਵਾਰ ਆਪਣੇ ਹੱਥਾਂ ਨਾਲ ਇਸ਼ਾਰਾ ਕੀਤਾ ਅਤੇ ਇਸ ਵਾਰ ਉਸਦੀ ਚਿੜਚਿੜੇਪਨ ਨੂੰ ਦੇਖ ਕੇ, ਮੌਰੀਤਾਨੀਆ ਦੇ ਰਾਸ਼ਟਰਪਤੀ ਅਚਾਨਕ ਚੁੱਪ ਹੋ ਗਏ। ਅਮਰੀਕੀ ਰਾਸ਼ਟਰਪਤੀ ਟਰੰਪ ਗਲੋਬਲ ਸਾਊਥ ਨਾਲ ਕਿਵੇਂ ਵਿਤਕਰਾ ਕਰਦੇ ਹਨ। ਜਦੋਂ ਕਿ ਸਾਡੇ ਪ੍ਰਧਾਨ ਮੰਤਰੀ ਹਮੇਸ਼ਾ ਇਨ੍ਹਾਂ ਦੇਸ਼ਾਂ ਦੀ ਮਦਦ ਲਈ ਖੜ੍ਹੇ ਹੁੰਦੇ ਹਨ, ਉਨ੍ਹਾਂ ਦੇ ਦੁੱਖ-ਸੁੱਖ ਦਾ ਧਿਆਨ ਰੱਖਦੇ ਹਨ ਅਤੇ ਅੰਤਰਰਾਸ਼ਟਰੀ ਮੰਚਾਂ ’ਤੇ ਗਲੋਬਲ ਸਾਊਥ ਦੇ ਮੁੱਦਿਆਂ ਨੂੰ ਵੀ ਉਠਾਉਂਦੇ ਹਨ, ਜਿਨ੍ਹਾਂ ਨੂੰ ਪੱਛਮੀ ਦੇਸ਼ ਅੱਜ ਤੱਕ ਨਜ਼ਰਅੰਦਾਜ਼ ਕਰਦੇ ਆ ਰਹੇ ਹਨ। ਇਸ ਲਈ ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਟਰੰਪ ਦੀ ਟੈਰਿਫ ਯੁੱਧ ਨੇ ਦੁਨੀਆ ਨੂੰ ਹਸਾਇਆ ਹੈ - ਕੀ ਇਸ ਨਾਲ ਦੁਨੀਆ ਨਾਲ ਦੁਸ਼ਮਣੀ ਪੈਦਾ ਹੋਈ ਹੈ ? - ਨੋਬਲ ਸ਼ਾਂਤੀ ਪੁਰਸਕਾਰ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਘੱਟ ਗਈਆਂ ਹਨ ? ਟਰੰਪ ਰਾਸ਼ਟਰਪਤੀ ਬਣਨ ਤੋਂ ਬਾਅਦ ਹੀ ਆਪਣੀਆਂ ਨੀਤੀਆਂ ਅਤੇ ਬਿਆਨਾਂ ਲਈ ਖ਼ਬਰਾਂ ਵਿੱਚ ਹਨਉਸਨੇ ਅਮਰੀਕਨ ਫਸਟ ਲਈ ਤਿਆਰੀ ਕਰ ਲਈ ਹੈ - ਦੁਨੀਆ ਦੇ ਦੇਸ਼ਾਂ ਦੀਆਂ ਵਪਾਰ ਨੀਤੀਆਂ ਫਸੀਆਂ ਹੋਈਆਂ ਹਨ - ਬ੍ਰਿਕਸ ਦੇਸ਼, ਯੂਰਪੀਅਨ ਯੂਨੀਅਨ, ਅਫਰੀਕੀ ਦੇਸ਼, ਗਲੋਬਲ ਸਾਊਥ, ਛਾਂਟੀ ਲਈ ਘਿਰੇ ਹੋਏ ਹਨ। ਮੇਰੀ ਰਾਏ ਵਿੱਚ, ਇਹ ਸਭ ਤੋਂ ਮੁਸ਼ਕਲ ਸਥਿਤੀ ਹੋਵੇਗੀ।

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਐਡਵੋਕੇਟ ਕਿਸ਼ਨ ਸਨਮੁਖਦਾਸ
ਭਵਨਾਈ,ਗੋਂਡੀਆ, ਮਹਾਰਾਸ਼ਟਰ
9359653465

# ਸਾਉਣ ਮਹੀਨੇ ਦਿਨ ਗਿੱਧੇ ਦੇ...



ਪੰਜਾਬੀ ਸਭਿਆਚਾਰ ਵਿੱਚ ਰੁੱਤਾਂ ਤੇ ਮੌਸਮਾਂ ਦਾ ਵਿਸ਼ੇਸ਼ ਸਥਾਨ ਤੇ ਇਨ੍ਹਾਂ ਦੇ ਬਦਲਣ ਨਾਲ ਲੋਕ ਜੀਵਨ ਵੀ ਪ੍ਰਭਾਵਿਤ ਹੁੰਦਾ ਹੈ। ਪੰਜਾਬੀ ਲੋਕ ਜੀਵਨ ਵਿੱਚ ਸਾਉਣ ਦੇ ਮਹੀਨੇ ਦਾ ਵਿਸ਼ੇਸ਼ ਮਹੱਤਵ ਹੈ ਤੇ ਇਸ ਮਹੀਨੇ ਦਾ ਲੋਕਾਂ ਨਾਲ ਬੜਾ ਨੇੜਲਾ ਸਬੰਧ ਹੈ ।ਲੋਕ ਜੀਵਨ ਵਿੱਚ ਇਹ ਮਹੀਨਾ ਖੁਸ਼ੀਆਂ, ਖੇੜਿਆਂ, ਨੱਚਣ -ਟੱਪਣ ,ਗਿੱਧੇ, ਭੰਗੜੇ, ਕਿੱਕਲੀ ਆਦਿ ਪਾਉਣ ਦਾ ਪ੍ਰਤੀਕ ਬਣ ਗਿਆ ਹੈ। ਲੋਕ ਸਾਉਣ ਦੇ ਮਹੀਨੇ ਦੀਆਂ ਖੁਸ਼ੀਆਂ ਨੂੰ ਆਪਣੇ ਧੁਰ ਅੰਦਰ ਤੱਕ ਵਸਾ ਲੈਣਾ ਚਾਹੁੰਦੇ ਹਨ। ਇਸ ਤਰ੍ਹਾਂ ਪ੍ਰਤੀਤ ਹੋਣ ਲੱਗ ਜਾਂਦਾ ਹੈ ਜਿਵੇਂ ਸਾਉਣ ਦਾ ਮਹੀਨਾ ਵੀ ਲੋਕਾਂ ਸੰਗ ਰਲ ਮਿਲ ਕੇ ਨੱਚਦਾ, ਖੇਡਦਾ, ਗਾਉਂਦਾ, ਹੱਸਦਾ, ਮੌਜ - ਮਸਤੀ ਮਨਾ ਰਿਹਾ ਹੋਵੇ ।ਇਸ ਮਹੀਨੇ ਅਕਸਰ ਲੋਕੀਂ ਆਪਣੇ ਆਪਣੇ ਤਰੀਕੇ ਨਾਲ ਇਸ ਮਹੀਨੇ ਦੀ ਆਮਦ 'ਤੇ ਖੁਸ਼ੀਆਂ ਮਨਾਉਂਦੇ ਹਨ।

ਸਾਉਣ ਦੇ ਮਹੀਨੇ ਵਿੱਚ ਮਨੁੱਖੀ ਮਨ ਦੇ ਖੁਸ਼ੀ ਵਿੱਚ ਝੂਮ ਉੱਠਣ ਦਾ ਅਸਲ ਕਾਰਨ ਇਹ ਸਮਝਿਆ ਜਾਂਦਾ ਹੈ ਕਿ ਇਸ ਮਹੀਨੇ ਮੀਂਹ ਪੈਣ ਨਾਲ ਮੌਸਮ ਖੁਸ਼ਗਵਾਰ ਹੋ ਜਾਂਦਾ ਹੈ ।ਜੇਠ ਹਾੜ ਦੇ ਮਹੀਨਿਆਂ ਦੀ ਕਹਿਰਾਂ ਦੀ ਤਪਸ਼ ,ਲੂਅ ਅਤੇ ਗਰਮੀ ਤੋਂ ਸਤਾਏ ਲੋਕਾਂ ਨੂੰ, ਧਰਤੀ ਨੂੰ, ਜੀਵਾਂ ਨੂੰ, ਬਨਸਪਤੀ ਆਦਿ ਨੂੰ ਗਰਮੀ ਤੋਂ ਰਾਹਤ ਮਿਲਦੀ ਹੈ ।ਜੇਠ ਹਾੜ ਦੀ ਗਰਮੀ ਲੋਕਾਂ ਨੂੰ ਲੂਹ ਸੁੱਟਦੀ ਹੈ ।ਲੋਕ ਲਲਚਾਈਆਂ ਨਜ਼ਰਾਂ ਨਾਲ ਸਵੇਰੇ ਸ਼ਾਮ ਆਕਾਸ਼ ਵਿੱਚ ਬਦਲੋਟੀਆਂ ਨੂੰ ਭਾਲਦੇ ਫਿਰਦੇ ਹਨ ।ਜਦ ਸਾਉਣ ਦੀਆਂ ਫੁਹਾਰਾਂ ਠੰਢਕ ਤੇ ਨਮੀ ਲੈ ਕੇ ਆਉਂਦੀਆਂ ਹਨ,ਧਰਤੀ ਦੀ ਚਿਰੋਕਣੀ ਪਿਆਸ ਬੁਝਦੀ ਹੈ ਤਾਂ ਖੁਸ਼ੀ ਦਾ ਪਾਸਾਰ ਹੋਣਾ ਸੁਭਾਵਿਕ ਹੁੰਦਾ ਹੈ :

**ਸਾਉਣ ਮਹੀਨੇ ਦਿਨ ਗਿੱਧੇ ਦੇ**
**ਕੁੜੀਆਂ ਰਲ ਕੇ ਆਈਆਂ**
**ਨੱਚਣ, ਕੁੱਦਣ ,ਝੂਟਣ ਪੀਂਘਾਂ**
**ਵੱਡਿਆਂ ਘਰਾਂ ਦੀਆਂ ਜਾਈਆਂ**
**ਗਿੱਧਾ ਪਾ ਰਹੀਆਂ ਨਣਦਾਂ ਤੇ ਭਰਜਾਈਆਂ...**

ਸਾਉਣ ਦਾ ਮਹੀਨਾ ਆਪਣਾ ਰੰਗ ਵਿਖਾਉਂਦਾ ਹੈ ਤਾਂ ਹੌਲੀ ਹੌਲੀ ਜੰਮ ਕੇ ਮੀਂਹ ਪੈਣ ਲੱਗਦਾ ਹੈ ।ਸਾਉਣ ਦੇ ਮਹੀਨੇ ਲੱਗਦੀਆਂ ਰਹੀਆਂ ਝੜੀਆਂ ਨੂੰ ਲੋਕ ਅਕਸਰ ਯਾਦ ਕਰਦੇ ਹਨ। ਲਗਾਤਾਰ ਵਰ੍ਹਦਾ ਰਹਿਣ ਵਾਲਾ ਮੀਂਹ ਵਾਰੇ ਨਿਆਰੇ ਕਰ ਦਿੰਦਾ ਹੁੰਦਾ ਸੀ। ਹੁਣ ਮੀਂਹ ਪੈਂਦਾ ਹੈ ਤਾਂ ਇਸ ਮਹੀਨੇ ਦਾ ਰੂਪ ਨਿਖਰਨ ਲੱਗਦਾ ਹੈ। ਗਿੱਧੇ, ਭੰਗੜੇ, ਤੀਆਂ, ਕਿੱਕਲੀ ਆਦਿ ਦੇ ਪਿੜਾਂ ਵਿੱਚ ਰੌਣਕ ਵਧਣ ਲੱਗਦੀ ਹੈ। ਅੱਲ੍ਹੜ ਮੁਟਿਆਰਾਂ ਕਾਲੀਆਂ ਘਟਾਵਾਂ ਵੇਖ ਕੇ ਖੁਸ਼ੀ ਵਿੱਚ ਫੁੱਲੀਆਂ ਨਹੀਂ ਸਮਾਉਂਦੀਆਂ ਨੱਚਣ ਲਈ ਉਤਾਵਲੀਆਂ ਹੋਈਆਂ ਕੁੜੀਆਂ ਦੀ ਅੱਡੀ ਟੱਪਣ ਲੱਗਦੀ ਹੈ ਤੇ ਉਨ੍ਹਾਂ ਦੇ ਬੁੱਲ੍ਹਾਂ 'ਤੇ ਸਾਉਣ ਦੇ ਸਵਾਗਤ ਵਿੱਚ ਉਚਾਰੇ ਪੰਜਾਬੀ ਲੋਕ ਗੀਤਾਂ ਦੇ ਬੋਲ ਆਪ -ਮੁਹਾਰੇ ਆਉਣ ਲੱਗਦੇ ਹਨ ।ਸਾਉਣ ਮਹੀਨੇ ਦਾ ਮੀਂਹ, ਪੀਂਘਾਂ ਦੇ ਹੁਲਾਰੇ, ਰਸ ਭਿੰਨੀਆਂ ਫੁਹਾਰਾਂ ,ਸਹੇਲੀਆਂ ਦਾ ਸਾਥ ਆਦਿ ਗਿੱਧੇ ਦੇ ਬੋਲਾਂ ਨੂੰ ਹੋਰ ਬਲ ਪ੍ਰਦਾਨ ਕਰਦੇ ਹਨ :

ਉਰਲੇ ਪਾਸੇ ਮੀਂਹ ਵਰਸੇਂਦਾ ਪਰਲੇ ਪਾਸੇ 'ਨ੍ਹੇਰੀ
ਸਾਉਣ ਦਿਆ ਬੱਦਲਾ ਵੇ ,ਮੁੜ ਕੇ ਹੋ ਜਾ ਢੇਰੀ
ਸਾਉਣ ਮਹੀਨੇ ਘਾਹ ਹੋ ਗਿਆ
ਰੱਜੀਆਂ ਮੱਝੀਆਂ ਗਾਈਂ
ਗਿੱਧਿਆ ਪਿੰਡ ਵੜ ਵੇ
ਲਾਂਭ - ਲਾਂਭ ਨਾ ਜਾਈਂ...

ਖੁਸ਼ੀਆਂ ਦਾ ਸੰਦੇਸ਼ ਲੈ ਕੇ ਆਉਣ ਵਾਲੀਆਂ ਸਾਉਣ ਦੇ ਮਹੀਨੇ ਦੀਆਂ ਠੰਢੀਆਂ ਫੁਹਾਰਾਂ ਗਰਮੀ ਨਾਲ ਝੁਲਸੀਆਂ ਤੇ ਮੁਰਝਾਈਆਂ ਜ਼ਿੰਦਗੀਆਂ ਵਿੱਚ ਨਵੀਂ ਤਾਜ਼ਗੀ, ਨਵੀਂ ਰੂਹ, ਨਵੀਂ ਉਮੰਗ, ਨਵਾਂ ਉਤਸ਼ਾਹ ਆਦਿ ਪੈਦਾ ਕਰ ਦਿੰਦੀਆਂ ਹਨ। ਹਰ ਪ੍ਰਾਣੀ ਤੇ ਜੀਵ ਜੰਤੂ ਸਾਉਣ ਦੀ ਰਿਮ-ਝਿਮ ਨੂੰ ਆਪਣੀ ਝੋਲੀ ਵਿੱਚ ਭਰ ਲੈਣ ਲਈ ਉਤਾਵਲਾ ਤੇ ਉਤਸੁਕ ਹੁੰਦਾ ਹੈ। ਇਹ ਮਹੀਨਾ ਇਕ ਤਰ੍ਹਾਂ ਨਾਲ ਤਿਉਹਾਰ ਬਣਕੇ ਬਹੁੜਦਾ ਹੈ ।ਪਿੰਡ-ਪਿੰਡ ,ਸ਼ਹਿਰ-ਸ਼ਹਿਰ ਮੇਲੇ ਲੱਗਦੇ ਹਨ,ਤੀਆਂ ਲੱਗਦੀਆਂ ਹਨ। ਇਸ ਮਹੀਨੇ ਦੇ ਵਿਲੱਖਣ ਤੇ ਅਨੂਠੇ ਪ੍ਰਭਾਵ ਅਧੀਨ ਮਨ-ਤਰੰਗਾਂ ਚੰਚਲ ਹੋ ਉੱਠਦੀਆਂ ਹਨ ਤੇ ਵੰਨ ਸੁਵੰਨੇ ਪੰਜਾਬੀ ਲੋਕ ਗੀਤਾਂ ਦੀ ਛਹਿਬਰ ਲੱਗਣੀ ਸ਼ੁਰੂ ਹੋ ਜਾਂਦੀ ਹੈ :

**ਮੇਰੇ ਭਿੱਜ ਗਏ ਵਰੀ ਦੇ ਲੀੜੇ**
**ਪੱਛੋਂ ਦੀਆਂ ਪੈਣ ਕਣੀਆਂ।**

ਸਾਉਣ ਦੇ ਮਹੀਨੇ ਵਿੱਚ ਲੋਕਾਂ ਦੇ ਮਨਾਂ ਵਿੱਚ ਸੁੱਤੀਆਂ ਮਸਤੀਆਂ ਜਾਗ ਉੱਠਦੀਆਂ ਹਨ ।ਭਰਪੂਰ ਮੀਂਹ ਵਰ੍ਹਾਉਂਦੇ ਮੇਘਲੇ ਧਰਤੀ ਦੇ ਸੀਨੇ 'ਤੇ ਹਰੇ ਭਰੇ ਘਾਹ ਦੀ ਚਾਦਰ ਵਿਛਾ ਦਿੰਦੇ ਹਨ। ਧਰਤੀ 'ਤੇ ਲੋਹੜੇ ਦਾ ਨਿਖਾਰ ਆ ਜਾਂਦਾ ਹੈ ।ਸੁਗੰਧੀਆਂ ਲਿਪਟੀਆਂ ਹਵਾਵਾਂ ਵਾਤਾਵਰਨ ਨੂੰ ਮਹਿਕਾਉਂਦੀਆਂ ਹਨ ।ਬਨਸਪਤੀ ਫਲਦੀ-ਫੁੱਲਦੀ ਹੈ ਤੇ ਮਹਿਕਾਂ ਵੰਡਣ ਲੱਗਦੀ ਹੈ। ਨਦੀਆਂ ਦੇ ਕੰਢਿਆਂ 'ਤੇ ਉੱਗੀ ਬਨਸਪਤੀ ਹਵਾਵਾਂ ਨਾਲ ਝੂਮਦੀ ਤੇ ਨੱਚਦੀ ਪ੍ਰਤੀਤ ਹੂੰਦੀ ਹੈ ।ਬੱਦਲ ਗਰਜਦੇ ਹਨ,ਮੋਰ ਪੈਲਾਂ ਪਾਉਂਦੇ ਹਨ ।ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਮੁਖ਼ਾਤਿਬ ਹੁੰਦਿਆਂ ਕਹਿੰਦੀ ਹੈ:

**ਗੱਜੇ ਬੱਦਲ ਚਮਕੇ ਬਿਜਲੀ,ਮੋਰਾਂ ਪੈਲਾਂ ਪਾਈਆਂ**
**ਹੀਰ ਨੇ ਰਾਂਝੇ ਨੂੰ ,ਦਿਲ ਦੀਆਂ ਖੋਲ੍ਹ ਸੁਣਾਈਆਂ ।**

ਸਾਉਣ ਦੇ ਮਹੀਨੇ ਵਿੱਚ ਕੁੜੀਆਂ ਦੇ ਘੇਰਿਆਂ ਵਿੱਚ ਵਿਸ਼ੇਸ਼ ਕਿਸਮ ਦੀ ਖੁਸ਼ੀ ਅਭਿਆਸ ਕਰ ਰਹੀ ਹੁੰਦੀ ਹੈ ।ਪਿੰਡ ਤੋਂ ਬਾਹਰ ਕਿਸੇ ਨਹਿਰ, ਛੱਪੜ, ਟੋਭੇ ਆਦਿ ਦੇ ਕੰਢੇ 'ਤੇ ਸੰਘਣੇ ਬਿਰਖਾਂ ਦੀ ਛਾਂ ਹੇਠ ਵੱਡੀ ਗਿਣਤੀ ਵਿੱਚ ਮੁਟਿਆਰਾਂ ਜੁੜਦੀਆਂ ਹਨ,ਨੱਚਦੀਆਂ ਹਨ,ਕਿੱਕਲੀ ਪਾਉਂਦੀਆਂ ਹਨ ਤੇ ਪੀਂਘਾਂ ਝੂਟਦੀਆਂ ਹਨ :

ਨੱਚ ਲਓ ਕੁੜੀਓ ਨੀ
**ਸਾਉਣ ਨੇ ਕਦ-ਕਦ ਆਉਣਾ।**
**ਆਓ ਨੀ ਕੁੜੀਓ ਹੱਸੀਏ ਖੇਡੀਏ**

ਨਿਊਯਾਰਕ
ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
ਡਾ. ਪ੍ਰਿਤਪਾਲ ਸਿੰਘ ਮਹਿਰੋਕ
ਮੋਬਾਈਲ : 98885-10185

**ਬਾਗੀਂ ਪੀਂਘਾਂ ਪਾਈਏ**
**ਵਿੱਚ ਗਿੱਧੇ ਦੇ ਪਾਈਏ ਬੋਲੀਆਂ**
**ਝਾਂਜਰ ਨੂੰ ਛਣਕਾਈਏ**
**ਸਾਉਣ ਮਹੀਨਾ ਕਦ ਕਦ ਆਉਣੈਂ**
**ਰੱਜ ਰੱਜ ਸ਼ਗਨ ਮਨਾਈਏ**
**ਨੀ ,ਨੱਚ ਲੈ ਮੋਰਨੀਏ**
**ਐਵੇਂ ਨਾ ਸ਼ਰਮਾਈਏ...**
**ਖੱਟਾ ਡੋਰੀਆ ਉਡ ਉਡ ਜਾਂਦਾ**
**ਜਦ ਮੈਂ ਪੀਂਘ ਚੜ੍ਹਾਵਾਂ**
**ਸਾਉਣ ਦਿਆ ਬੱਦਲਾ ਵੇ**
**ਤੇਰਾ ਜੱਸ ਗਿੱਧਿਆਂ ਵਿੱਚ ਗਾਵਾਂ...**

ਸਾਉਣ ਦੇ ਮਹੀਨੇ ਵਿੱਚ ਮਨ ਦੀਆਂ ਖੁਸ਼ੀਆਂ ਅਤੇ ਦਿਲ ਪਰਚਾਵਿਆਂ ਦੀਆਂ ਪੀਂਘਾਂ ਅਸਮਾਨੀ ਛੂੰਹਦੀਆਂ ਹਨ ।ਸਾਉਣ ਦੀ ਰੰਗਲੀ ਤੇ ਸੁਹਾਵਣੀ ਰੁੱਤ ਵਿੱਚ ਜੇ ਕਿਸੇ ਇਸਤਰੀ ਨੂੰ ਆਪਣੇ ਪ੍ਰੀਤਮ ਦੀ ਯਾਦ ਸਤਾਉਂਦੀ ਹੈ ਤਾਂ ਉਹ ਆਪਣੀ ਕਲਪਨਾ ਦੀ ਦੁਨੀਆ ਵਿੱਚ ਖੋਹੀ ਰਹਿੰਦੀ ਹੈ ।ਪੀਂਘ ਝੂਟਦਿਆਂ ਵੀ ਉਸਦਾ ਮਨ ਹੋਰਥੇ ਉਡਾਰੀਆਂ ਮਾਰਦਾ ਰਹਿੰਦਾ ਹੈ ।ਫਿਰ ਮਾਹੀ ਦੇ ਆਉਣ ਦਾ ਸੁਨੇਹਾ ਮਿਲਣ 'ਤੇ ਉਹ ਬਾਗੋ-ਬਾਗ ਹੋ ਜਾਂਦੀ ਹੈ :

**ਪਹਿਨ ਪਚਰ ਕੇ ਚੜ੍ਹ ਗਈ ਪੀਂਘ 'ਤੇ**
**ਡਿੱਗ ਪਈ ਹੁਲਾਰਾ ਖਾ ਕੇ**
**ਪੈਣ ਫੁਹਾਰਾਂ ,ਚਮਕੇ ਬਿਜਲੀ**
**ਮੈਨੂੰ ਵੇਖ ਲੈ ਰਾਂਝਿਆ ਆ ਕੇ**
**ਬੱਦਲਾਂ ਨੂੰ ਵੇਖ ਰਹੀ**
**ਮੈਂ ਤੇਰਾ ਸੁਨੇਹਾ ਪਾ ਕੇ...**

ਖੇਤਾਂ ਵਿੱਚ ਹਰੀਆਂ-ਭਰੀਆਂ ,ਲਹਿਰਾਉਂਦੀਆਂ ਫਸਲਾਂ ਵੇਖ ਕੇ ਕਿਸਾਨ ਖੁਸ਼ੀ ਵਿੱਚ ਫੁੱਲੇ ਨਹੀਂ ਸਮਾਉਂਦੇ ।ਪਾਣੀ ਵਿੱਚ ਖੇਡਦੇ ,ਅਠਖੇਲੀਆਂ ਕਰਦੇ ,ਖੁਸ਼ੀਆਂ ਮਨਾਉਂਦੇ ਨੰਗ-ਧੜੰਗੇ ਬੱਚੇ ਉੱਛਲਦੇ ਕੁੱਦਦੇ ਹਨ,ਗਾਉਂਦੇ ਹਨ,ਖੁਸ਼ੀਆਂ ਮਾਣਦੇ ਹਨ:

**ਕਾਲੀਆਂ ਇੱਟਾਂ ਕਾਲੇ ਰੋੜ,ਮੀਂਹ ਵਸਾ ਦੇ ਜ਼ੋਰੋ ਜ਼ੋਰ**
**ਰੱਬਾ - ਰੱਬਾ ਮੀਂਹ ਵਸਾ ,ਸਾਡੀ ਕੋਠੀ ਦਾਣੇ ਪਾ ।**

ਸਾਰੀਆਂ ਰੁੱਤਾਂ ਦਾ ਸਿਰਤਾਜ, ਸਭ ਦੇ ਕਲੇਜੇ ਠੰਢ ਪਾਉਣ ਵਾਲਾ ਸਾਉਣ ਦਾ ਮਹੀਨਾ ਸਵਾਦਲੇ,ਵੰਨ ਸੁਵੰਨੇ ਪਕਵਾਨ ਬਣਾਉਣ ਲਈ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ ।ਮਾਲ੍ਹ ਪੂੜੇ, ਖੀਰਾਂ , ਪਕੌੜੇ ,ਹਲਵੇ ਅਤੇ ਹੋਰ ਭਾਂਤ ਸੁਭਾਂਤੇ ਪਕਵਾਨ ਲੋਕਾਂ ਦੀਆਂ ਖੁਸ਼ੀਆਂ ਤੇ ਚਾਵਾਂ ਵਿੱਚ ਵਾਧਾ ਕਰਦੇ ਹਨ। ਇਸ ਮਹੀਨੇ ਦੇ ਰੰਗ ਹੀ ਨਿਰਾਲੇ ਹਨ।

ਆਲਮੀ ਤਪਸ਼ ਨੇ ,ਧਰਤੀ ਦੇ ਵਧਦੇ ਤਾਪਮਾਨ ਨੇ ,ਰੁੱਖਾਂ ਦੀ ਬੇਤਹਾਸ਼ਾ ਤੇ ਬੇਰਹਿਮੀ ਨਾਲ ਕੀਤੀ ਜਾਂਦੀ ਕਟਾਈ ਨੇ ਮੌਸਮਾਂ ਤੇ ਰੁੱਤਾਂ ਦੇ ਮਿਜਾਜ਼ ਹੀ ਬਦਲ ਦਿੱਤੇ ਹਨ ।ਹੁਣ ਕਈ ਵਾਰ ਜੂਨ ਮਹੀਨੇ ਵਿੱਚ ਹੀ ਭਰਪੂਰ ਮੀਂਹ ਪੈ ਜਾਂਦੇ ਹਨ ।ਸਾਉਣ ਮਹੀਨਾ ਸੁੱਕਾ ਲੰਘ ਜਾਂਦਾ ਹੈ। ਕਈ ਵਾਰ ਸਤੰਬਰ ਦੇ ਮਹੀਨੇ ਵਿੱਚ ਪੈਣ ਵਾਲੇ ਮੀਂਹ ਕਾਰਨ ਹੜ੍ਹਾਂ ਵਾਲੀ ਸਥਿਤੀ ਬਣ ਜਾਂਦੀ ਹੈ। ਸਾਉਣ ਮਹੀਨੇ ਵਿੱਚ ਕਈ ਵਾਰ ਪਿਆਸੀ ਧਰਤੀ ਮੀਂਹ ਲਈ ਤਰਸਦੀ ਰਹਿ ਜਾਂਦੀ ਹੈ ।ਕੱਚਿਆਂ ਕੋਠਿਆਂ ਵਿੱਚ ਰਹਿਣ ਵਾਲਿਆਂ ਵਾਸਤੇ ਕਈ ਵਾਰ ਸਾਉਣ ਦਾ ਮਹੀਨਾ ਮੁਸੀਬਤ ਬਣ ਕੇ ਆਉਂਦਾ ਹੈ ।ਕਈ ਥਾਈਂ ਆ ਜਾਣ ਵਾਲੇ ਹੜ੍ਹ ਇਸ ਮਹੀਨੇ ਦਾ ਮਜ਼ਾ ਕਿਰਕਿਰਾ ਕਰ ਦਿੰਦੇ ਹਨ ।ਫਿਰ ਵੀ ਸਾਉਣ ਮਹੀਨੇ ਦੇ ਆਉਣ ਦੀ ਉਡੀਕ ਬਣੀ ਰਹਿੰਦੀ ਹੈ ।ਸਾਧਾਰਨ ਵਿਅਕਤੀ, ਵਿਆਹੀਆਂ-ਅਣਵਿਆਹੀਆਂ ਸਖੀਆਂ-ਸਹੇਲੀਆਂ, ਕਿਸਾਨ, ਬਨਸਪਤੀ, ਪਸ਼ੂ-ਪੰਛੀ ਆਦਿ ਵੀ ਮੀਂਹ ਪੈਣ ਵਾਲੇ ਇਸ ਸਮੇਂ (ਮਹੀਨੇ) ਦੀ ਬੜੀ ਬੇਸਬਰੀ ਤੇ ਉਤਸੁਕਤਾ ਨਾਲ ਉਡੀਕ ਕਰ ਰਹੇ ਹੁੰਦੇ ਹਨ ।ਮੌਸਮ ਦੀਆਂ ਹਾਲਤਾਂ ਬਦਲ ਜਾਣ ਦੇ ਬਾਵਜੂਦ ਵੀ ਸਾਉਣ ਦੇ ਮਹੀਨੇ ਦਾ ਮਹੱਤਵ ਕਿਸੇ ਨਾ ਕਿਸੇ ਰੂਪ ਵਿੱਚ ਬਣਿਆ ਚਲਿਆ ਆ ਰਿਹਾ ਹੈ। ਸ਼ਾਲਾ ! ਰੁੱਤਾਂ, ਮੌਸਮਾਂ, ਸਾਲਾਂ, ਮਹੀਨਿਆਂ ਦੇ ਰੰਗ ਬਦਲਦੇ ਰਹਿਣ, ਮਨੁੱਖ ਉਨ੍ਹਾਂ ਨੂੰ ਮਾਣਦਾ ਰਹੇ ਤੇ ਜ਼ਿੰਦਗੀ ਦਾ ਸਫ਼ਰ ਜਾਰੀ ਰਹੇ !

# "ਜਲ ਕਾ ਜਾਮਾ ਪਹਿਣ ਕੇ ਤਨ ਕੀ ਗਈ ਬਲਾ...."

ਪਾਣੀ ਅਮ੍ਰਿਤ ਹੈ, ਇਸ ਨੂੰ ਗੁਰੂ ਸਾਹਿਬਾਨਾਂ ਨੇ ਵੀ ਬਾਣੀ ਦੇ ਵਿੱਚ ਖੋਲ੍ਹ ਕੇ ਵਖਿਆਨ ਕੀਤਾ ਹੈ"ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਜਿਸ ਦੇ ਭਾਵ ਅਰਥ ਵੀ ਹਰ ਗੁਰਸਿੱਖ ਕੀ ਬਲਕਿ ਹਰ ਪ੍ਰਾਣੀ ਬਹੁਤ ਚੰਗੀ ਤਰ੍ਹਾਂ ਸਮਝਣ ਵਿੱਚ ਸਮਰੱਥ ਹਨ।ਪਰ ਕੀ ਅਸੀਂ ਇਸ ਤੇ ਕਦੇ ਜੀਅ ਜਾਣ ਨਾਲ ਅਮਲ ਵੀ ਕੀਤਾ ਹੈ ? ਇਸਦਾ ਉੱਤਰ ਹਰ ਜੀਵ ਨੂੰ ਆਪਣਾ ਆਪ ਖਗੋਲਣ ਤੇ ਸਹਿਜੇ ਹੀ ਮਿਲ ਜਾਵੇਗਾ।ਸੋ ਦੋਸਤੋ ਇਸ ਉਪਰੋਕਤ ਤੱਥ ਨੂੰ ਹੀ ਸਮਝਣ ਘੋਖਣ ਤੇ ਗੌਰ ਕਰਨ ਦੀ ਅਜੋਕੇ ਸਮੇਂ ਵਿਚ ਅਤਿਅੰਤ ਲੋੜ ਹੈ।



ਕੋਈ ਸਮਾਂ ਸੀ ਕਿ ਪੁਰਾਤਨ ਪੰਜਾਬ ਵਿੱਚ ਵੀਹ ਜਾਂ ਤੀਹ ਫੁੱਟ ਤੇ ਹੀ ਧਰਤੀ ਦੇ ਹੇਠ ਵਧੀਆ ਤੇ ਪੀਣ ਯੋਗ ਪਾਣੀ ਮਿਲ ਜਾਇਆ ਕਰਦਾ ਸੀ। ਜੇਕਰ ਵੀਹ ਕੁ ਵਰ੍ਹੇ ਹੀ ਪਿਛੋਕੜ ਤੇ ਝਾਤੀ ਮਾਰੀਏ ਤਾਂ ਇਸ ਤੋਂ ਵੀ ਬਹੁਤ ਸਾਰੇ ਦੋਸਤ ਮਿੱਤਰ ਵਾਕਿਫ਼ ਹੋਣਗੇ ਕਿ ਪੰਜਾਬ ਦੇ ਬਹੁਤ ਸਾਰੇ ਖਿੱਤਿਆਂ ਵਿੱਚ ਸੇਮ ਦਾ ਪ੍ਰਭਾਵ ਰਿਹਾ ਹੈ ਮਤਲਬ ਦੋ ਫੁੱਟ ਟੋਆ ਪੁੱਟੋ ਤੇ ਪਾਣੀ ਆ ਜਾਂਦਾ ਸੀ। ਬਹੁਤ ਸਾਰੀਆਂ ਫ਼ਸਲਾਂ ਇਨ੍ਹਾਂ ਸੇਮ ਦੇ ਪ੍ਰਭਾਵ ਨਾਲ ਮਰ ਜਾਇਆ ਭਾਵ ਖਤਮ ਹੋ ਜਾਂਦੀਆਂ ਸਨ। ਸੜਕਾਂ ਬੈਠ ਜਾਂਦੀਆਂ ਸਨ ਤੇ ਸਰਕਾਰਾਂ ਨੂੰ ਇਸ ਸੱਭ ਖਾਤਰ ਦੋਹਰੇ ਤੀਹਰੇ ਖਰਚੇ ਵੀ ਕਰਨੇ ਪੈਂਦੇ ਸਨ, ਜ਼ਿਮੀਂਦਾਰ ਭਾਈਚਾਰੇ ਨੂੰ ਬਹੁਤ ਚੰਗੀ ਤਰ੍ਹਾਂ ਮਾਲੂਮ ਹੈ ਕਿ ਸੇਮ ਮਾਰੀਆਂ ਫਸਲਾਂ ਦਾ ਥੋੜ੍ਹਾ ਬਹੁਤਾ ਮੁਆਵਜ਼ਾ ਵੀ ਸਮੇਂ ਦੀਆਂ ਸਰਕਾਰਾਂ ਦਿੰਦੀਆਂ ਰਹੀਆਂ ਹਨ ਬੇਸ਼ੱਕ ਓਹ ਕਾਫੀ ਨਹੀਂ ਸਨ ਪਰ ਇਹ ਗੱਲਾਂ ਹਕੀਕੀ ਨੇ।

ਪਰ ਅਜੋਕੇ ਹਾਲਾਤਾਂ ਵਿੱਚ ਸਭ ਕੁੱਝ ਹੀ ਉਲਟ ਹੋਇਆ ਪਿਆ ਹੈ।ਪੰਜ ਦਰਿਆਵਾਂ ਦੀ ਧਰਤੀ ਤੇ ਪਾਣੀ ਦੇ ਲਾਲੇ ਪੈਣ ਦਾ ਡਰ ਤਲਵਾਰ ਬਣ ਕੇ ਸਾਡੇ ਸਿਰ ਤੇ ਮੰਡਰਾ ਰਿਹਾ ਹੈ,ਕੀ ਅਸੀਂ ਇਸ ਨੂੰ ਕਦੇ ਗੰਭੀਰਤਾ ਨਾਲ ਲਿਆ ਹੈ ?ਸਾਂਝੇ ਥਾਵਾਂ ਤੇ ਲੱਗੀਆਂ ਟੂਟੀਆਂ ਪਹਿਲੀ ਗੱਲ ਤਾਂ ਉਨ੍ਹਾਂ ਨੂੰ ਅਜੋਕੇ ਦੌਰ ਵਿੱਚ ਚੋਰ ਉਚੱਕੇ ਹੀ ਨਹੀਂ ਛਡਦੇ ਤੇ ਜੇਕਰ ਕੋਈ ਇਕ ਅੱਧੀ ਹੁੰਦੀ ਹੈ ਤਾਂ ਓਹਦੇ ਵਿਚੋਂ ਲਗਾਤਾਰ ਪਾਣੀ ਚੱਲ ਰਿਹਾ ਹੁੰਦਾ ਹੈ ਕਦੇ ਕੋਈ ਬੰਦ ਕਰਨ ਦੀ ਖੇਚਲ ਹੀ ਨਹੀਂ ਕਰਦਾ, ਬਿਨਾਂ ਮਤਲਬ ਤੋਂ ਪਾਣੀ ਨਜਾਇਜ਼ ਵਰਤੀ ਜਾਣਾ ਡੋਲ੍ਹੀ ਜਾਣ ਨੂੰ ਅਸੀਂ ਅਪਣਾ ਹੱਕ ਸਮਝਣ ਲੱਗ ਪਏ ਹਾਂ। ਜੇਕਰ ਕਿਸੇ ਨੂੰ ਕੋਈ ਕਹਿੰਦਾ ਵੀ ਹੈ ਕਿ ਪਾਣੀ ਸੰਜਮ ਨਾਲ ਵਰਤੋਂ ਕਰੋ ਤਾਂ ਲੜਾਈ ਗਲ ਪੈ ਜਾਂਦੀ ਹੈ। ਵੱਡੇ ਵੱਡੇ ਚੰਡੀਗੜ੍ਹ ਪੰਚਕੂਲਾ ਵਰਗੇ ਸ਼ਹਿਰਾਂ ਵਿੱਚ ਤਾਂ ਹੁਣ ਭਾਰੀ ਜ਼ੁਰਮਾਨੇ ਲੱਗਣ ਦੀਆਂ ਖਬਰਾਂ ਵੀ ਅਖ਼ਬਾਰਾਂ ਵਿੱਚ ਲੱਗ ਰਹੀਆਂ ਹਨ।ਕਹਿਣ ਦਾ ਮਤਲਬ ਕਿ ਆਉਣ ਵਾਲੀਆਂ ਪੀੜ੍ਹੀਆਂ ਜੀਵ ਜੰਤੂਆਂ ਪਸ਼ੂਆਂ ਲਈ ਸਾਨੂੰ ਅੱਜ ਤੋਂ ਹੀ ਪਾਣੀ ਨੂੰ ਬਚਾਉਣ ਦੇ ਉਪਰਾਲੇ ਸ਼ੁਰੂ ਕਰਨੇ ਪੈਣਗੇ।ਪੰਜ ਦਰਿਆਵਾਂ ਦਾ ਪੰਜਾਬ ਸੁੰਗੜ ਕੇ ਢਾਈ ਤੇ ਹੁਣ ਸਿਰਫ਼ ਦੋ ਨਹਿਰਾਂ ਤੇ ਹੀ ਨਿਰਭਰ ਹੋ ਗਿਆ ਹੈ। ਧਰਤੀ ਦੇ ਥੱਲੇ ਵਾਲਾ ਪਾਣੀ ਤਿੰਨ ਸੌ ਜਾਂ ਚਾਰ ਸੌ ਫੁੱਟ ਤੇ ਲੱਭਦਾ ਹੈ ਤੇ ਓਹ ਵੀ ਪੀਣ ਯੋਗ ਨਹੀਂ ਹੈ,ਜੋ ਪਹਿਲਾਂ ਦੇ ਨਲਕੇ ਲੱਗੇ ਹੋਏ ਨੇ ਓਹ ਬੈਕ ਮਾਰਕੇ ਸਾਡੇ ਦੰਦ ਤੋੜਦੇ ਹਨ ਭਾਵ ਉਨ੍ਹਾਂ ਦੇ ਥੱਲੇ ਪਾਣੀ ਹੈ ਹੀ ਨਹੀਂ। ਦਰਿਆਵਾਂ ਨਹਿਰਾਂ ਵਿੱਚ ਅਸੀਂ ਆਪਣਾ ਤੇ ਆਪਣੇ ਪਸ਼ੂਆਂ ਦਾ ਮਲਮੂਤਰ ਸੁੱਟ ਰਹੇ ਹਾਂ ਜਿਨ੍ਹਾਂ ਨੂੰ ਸਾਡੀਆਂ ਸਮਾਜ ਸੇਵੀ ਜਥੇਬੰਦੀਆਂ ਨੇ ਗੰਭੀਰਤਾ ਨਾਲ ਲਿਆ ਹੈ ਜਗ੍ਹਾ ਜਗ੍ਹਾ ਧਰਨੇ ਲਾ ਕੇ ਸਰਕਾਰਾਂ ਤੱਕ ਪਹੁੰਚ ਬਣਾ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ।

ਜੇਕਰ ਪੁਰਾਤਨ ਪੰਜਾਬ ਵੱਲ ਝਾਤ ਮਾਰੀਏ ਤਾਂ ਬੇਸ਼ੱਕ ਘਰ ਵੀ ਕੱਚੇ ਸਨ ਓਸ ਸਮੇਂ ਸਾਡੇ ਪੁਰਖਿਆਂ ਦਾ ਰਹਿਣ-ਸਹਿਣ ਸਾਡੇ ਅਜੋਕੇ ਹਾਲਾਤ ਤੋਂ ਬਿਲਕੁਲ ਭਿੰਨ ਰਿਹਾ ਹੈ,ਪਰ ਜਦੋਂ ਸਾਡੇ ਪੁਰਖੇ ਨਹਾਉਂਦੇ ਹੁੰਦੇ ਸਨ ਤਾਂ ਇਹ ਸ਼ਬਦ ਉਨ੍ਹਾਂ ਦੇ ਮੂੰਹੋਂ ਜ਼ਰੂਰ ਨਿਕਲਦੇ ਸਨ"ਜਲ ਕਾ ਜਾਮਾ ਪਹਿਣ ਕੇ ਤਨ ਕੀ ਗ ?ੀ ਬਲਾ ,

ਜਲ ਮਿਲਿਆ ਪ੍ਰਮੇਸ਼ਰ ਮਿਲਿਆ,
ਮਾਲਿਕਾ ਸਖੀ ਕੋਈ ਮਿਲਾ।

ਇਸ ਤੋਂ ਹਰ ਵਿਅਕਤੀ ਸਮਝ ਸਕਦਾ ਹੈ ਕਿ ਓਹਨਾਂ ਸਮਿਆਂ ਵਿੱਚ ਪਾਣੀ ਨੂੰ ਸੱਚੀਂ ਮੁੱਚੀਂ ਗੁਰੂ ਦਾ ਦਰਜਾ ਦਿੰਦੇ ਰਹੇ ਹਨ ਸਾਡੇ ਪੁਰਖੇ।

ਫਿਰ ਉਨ੍ਹਾਂ ਨੇ ਆਪਣੇ ਇਸ਼ਟ ਨੂੰ ਯਾਦ ਕਰਦਿਆਂ ਕਹਿਣਾ"ਭਲੇ ਦੇ ਮੱਥੇ ਲਾਈਂ ਮਾਲਿਕਾ।
ਸਖੀ ਦਾ ਮੂੰਹ ਵਿਖਾਈਂ ਮਾਲਿਕਾ।

ਇਸ ਗੱਲ ਤੋਂ ਵੀ ਚੰਗੀ ਤਰ੍ਹਾਂ ਪਤਾ ਲੱਗਦਾ ਹੈ ਓਸ ਸਮਿਆਂ ਦਾ ਤੇ ਉਨ੍ਹਾਂ ਦੇ ਰਹਿਣ-ਸਹਿਣ ਅਤੇ ਸੁਭਾਅ ਦਾ ਵੀ।

ਆਪਣੇ ਇਸ਼ਟ ਨੂੰ ਯਾਦ ਕਰਦਿਆਂ ਸਾਡੇ ਸਤਿਕਾਰਤ ਪੁਰਾਣੇ ਬਜ਼ੁਰਗਾਂ ਨੇ ਕਹਿਣਾ ਕਿ

"ਦਿਨ ਚੜ੍ਹਿਆ ਹੈ ਭਾਗੀਂ ਭਰਿਆ,
ਤੇਰਾ ਸ਼ੁਕਰ ਮਨਾਵਾਂ।
ਮਿਹਰ ਕਰੇਂ ਜੇ ਸਤਿਗੁਰੂ ਮੇਰੇ,
ਦਰਸ਼ਨ ਤੇਰੇ ਪਾਵਾਂ।

ਭਾਵ ਅਰਥ ਓਹ ਸਮੇਂ ਹੀ ਪੰਜਾਬ ਤੇ ਐਸੇ ਰਹੇ ਨੇ, ਪਾਣੀ ਨੂੰ ਸੱਚਮੁੱਚ ਗੁਰੂ ਦਾ ਦਰਜਾ ਦੇਣਾ ਹਾਲਾਂਕਿ ਓਦੋਂ ਪਾਣੀ ਦੀ ਕੋਈ ਥੋੜ ਵਾਲੀ ਗੱਲ ਵੀ ਨਹੀਂ ਸੀ।ਪਰ ਫਿਰ ਵੀ ਜਿਵੇਂ ਸਾਡੇ ਪੁਰਖਿਆਂ ਨੂੰ ਆਉਣ ਵਾਲੇ ਸਮਿਆਂ ਦਾ ਇਲਮ ਸੀ। ਦੋਸਤੋ ਇਹ ਗੱਲਾਂ ਬਿਲਕੁਲ ਬਣਾਉਟੀ ਨਹੀਂ ਸਗੋਂ ਸਾਰੀਆਂ ਦਾਸ ਨੇ ਆਪਣੇ ਕੰਨਾਂ ਨਾਲ ਸੁਣੀਆਂ ਤੇ ਅੱਖਾ ਨਾਲ ਵੇਖੀਆਂ ਦਾ ਹਵਾਲਾ ਦਿੱਤਾ ਹੈ।

ਸੋ ਦੋਸਤੋ ਮੁੱਕਦੀ ਗੱਲ ਕਿ ਜੇਕਰ ਅਸੀਂ ਅੱਜ ਤੋਂ ਹੀ ਪਾਣੀ ਹਵਾ ਤੇ ਆਪਣੇ ਚੌਗਿਰਦੇ ਭਾਵ ਰੁੱਖਾਂ ਦੀ ਰਾਖੀ ਨਾ ਕੀਤੀ ਤਾਂ ਸਾਨੂੰ ਸਾਡੇ ਇਸ਼ਟ ਨੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੇ ਸਾਨੂੰ ਕਦੇ ਮੁਆਫ਼ ਨਹੀਂ ਕਰਨਾ।ਆਓ ਅੱਜ ਤੋਂ ਹੀ ਇਹ ਤੁਹੱਈਆ ਕਰੀਏ ਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਮੁਸ਼ਕਲ ਨਾਲ ਜੂਝਣ ਤੋਂ ਛੁਟਕਾਰਾ ਦਿਵਾਈਏ।

**ਜਸਵੀਰ ਸ਼ਰਮਾਂ ਦੱਦਾਹੂਰ**
**95691 49556 ਸ਼੍ਰੀ ਮੁਕਤਸਰ ਸਾਹਿਬ**

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312 | Website: www.preetnama.com Email preetnamausa@gmail.com | 18 JULY TO 24 JULY ,2025




# Preetnama

ਪ੍ਰੀਤਨਾਮਾ
ਖਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 312

Website: www.preetnama.com Email preetnamausa@gmail.com

18 JULY TO 24 JULY ,2025


No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com